# ਵਰਿਆਮ

੩੩ਵਾਂ ਸਾਲ

ਮਈ ੨੦੦੯



Namdhari Elibrary NamdhariElibrary@gmail.com



ਪਿੰਡ ਭੱਟੀਆਂ ਜੱਟਾਂ (ਮੁਕੇਰੀਆਂ) ਵਿਚ ਸਮਾਗਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਚਨ ਬਿਲਾਸ ਕਰਦੇ ਹੋਏ ਉਹਨਾਂ ਦੇ ਸਾਬਕਾ ਨਿੱਜੀ ਸਕੱਤਰ ਸੰਤ ਗੁਰਦੇਵ ਸਿੰਘ ਜੀ। ਨਾਲ ਹਨ ਸੰਤ ਰਣਜੀਤ ਸਿੰਘ ਬਾਜਵਾ (ਕੈਨੇਡਾ) ਅਤੇ ਸੰਤ ਰਛਪਾਲ ਸਿੰਘ ਜੀ।



ਸੰਤ ਰਣਜੀਤ ਸਿੰਘ ਬਾਜਵਾ ਦੀ ਪੋਤਰੀ ਬੀਬੀ ਗੁਰਨਾਮ ਕੌਰ ਦੀਵਾਨ ਵਿਚ ਸ਼ਬਦ ਗਾਇਨ ਕਰਦੇ ਹੋਏ।

NamdhariElibrary NamdhariElibrary@gmail.com

# ਵਰਿਆਮ

ਮਈ -੨੦੦੮
ਜਿਲਦ-੩੩
ਅੰਕ- ੭

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)
e-mail 'monthlywariam@yahoo.com'

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਬਾਬਾ ਬੰਨੋਆਣਾ ਸ. ਗੁਰਬਖ਼ਸ਼ ਸਿੰਘ
—ਜਗਦੀਸ਼ ਸਿੰਘ ਵਰਿਆਮ ------------ ੨
ਸੰਤੋਖ ਸਿੰਘ ਸਫ਼ਰੀ ਦਾ ਸਫਰ ਪੂਰਾ
—ਜਗਦੀਸ਼ ਸਿੰਘ ਵਰਿਆਮ -------------- ੫
ਜੀਵਨ ਸਾਥ —ਗੁਰਬਖ਼ਸ਼ ਸਿੰਘ ਬੰਨੋਆਣਾ ------ ੫
ਲਲਿਤ ਨਿਬੰਧ—ਡਾ. ਲਖਵਿੰਦਰ ਜੌਹਲ -------- ੭
ਸੰਤੋਖ ਸਿੰਘ ਸਫ਼ਰੀ —ਇੰਦਰਜੀਤ ਹਸਨਪੁਰੀ ----- ੮
ਮਾਂ ਬੋਲੀ ਪੰਜਾਬੀ —ਸੰਤੋਖ ਸਿੰਘ ਸਫ਼ਰੀ -------- ੮
ਮੌਤ ਮੇਰੇ ਇਸ਼ਕ ਤੋਂ ਹੈਰਾਨ ਹੈ —ਸੰਤੋਖ ਸਿੰਘ ਸਫ਼ਰੀ - ੯
ਸਾਡਾ ਵਿਰਸਾ ਤੇ ਵਰਤਮਾਨ —ਅਮਰ ਭਾਰਤੀ
—ਸੁਵਰਨ ਸਿੰਘ ਵਿਰਕ -------------- ੧੦
ਸਿੱਖ ਦੀ ਪਰਿਭਾਸ਼ਾ ਕੀ ਹੋਵੇ? —ਡਾ. ਮਹੀਪ ਸਿੰਘ - ੧੪
ਸਿਰੜੀ ਬਾਬਾ —ਜਗਦੀਸ਼ ਸਿੰਘ ----------- ੧੭
ਸੱਚਾ ਸਾਥੀ —ਪ੍ਰੀਤਮ ਸਿੰਘ ਕਵੀ ----------- ੨੦
ਮੇਰੇ ਹਿੱਸੇ ਦਾ ਬਾਬਾ ਬੰਨੋਆਣਾ
—ਨਿੰਦਰ ਘੁਗਿਆਣਵੀ ------------ ੨੨
ਚੋਣਵੇਂ ਪੰਜਾਬੀ ਸ਼ਿਅਰ —ਚਰਨ ਸੀਚੇਵਾਲਵੀ --- ੨੩
ਚਾਰ ਗ਼ਜ਼ਲਾਂ —ਡੀ. ਆਰ. ਧਵਨ ----------- ੨੪
ਚਾਰ ਗ਼ਜ਼ਲਾਂ —ਮਹਿਮਾ ਸਿੰਘ ਤੂਰ ----------- ੨੫
ਗੀਤਾਂ ਦੀ ਗੰਢ —ਦਲਬੀਰ ਸਿੰਘ ਤਰਸ -------- ੨੬
ਸਰਾਪਿਆ ਯੁੱਗ —ਕੁਲਵੰਤ ਜਗਰਾਉਂ --------- ੨੬
ਪੰਜਾਬੀ —ਭੁਪਿੰਦਰ ਉਸਤਾਦ -------------- ੨੭
ਗ਼ਜ਼ਲ —ਗੁਰਦਿਆਲ ਰੌਸ਼ਨ --------------- ੨੭
"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ"
—ਸੁਰਜੀਤ ਸਿੰਘ ਜੀਤ, ਲੰਡਨ -------- ੨੯
ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ
—ਜਸਬੀਰ ਸਿੰਘ ਸਿੱਧੂ, ਪਟਿਆਲਾ ------ ੩੧
ਪੰਜਾਬੀ ਕਵੀ ਸਭਾ ਜਲੰਧਰ ਵਲੋਂ ਪ੍ਰਣਾਮ!
ਪੰਜਾਬ ਵਿਧਾਨ ਸਭਾ ਨੂੰ!! —ਸੰਤੋਖ ਸਿੰਘ 'ਸਫ਼ਰੀ' - ੩੩
ਸ. ਰਤਨ ਸਿੰਘ ਘਟਾਉੜਾ ਜੀ ਨੂੰ ਸ਼ਰਧਾਂਜਲੀ
—ਮਹਿੰਦਰ ਸਿੰਘ 'ਚਿਤਾਰ'------------ ੩੪
'ਸੱਜਣ ਮੇਰੇ ਰੰਗਲੇ'—ਨਵੀਂ ਕਿਤਾਬ
—ਹੈਪੀ ਸੰਧੂ ਬੁੱਟਰ ----------------- ੩੫
ਖ਼ਬਰਨਾਮਾ --------------------------- ੩੭
ਪ੍ਰਤੀਕਿਰਿਆ -------------------------- ੪੫



Namdhari Elibrary NamdhariElibrary@gmail.com

# ਬਾਬਾ ਬੰਨੋਆਣਾ

## ਸ. ਗੁਰਬਖ਼ਸ਼ ਸਿੰਘ

ਜਲੰਧਰ ਦੀ ਮਹਿਕ ਵੰਡਦੀ ਇਕ ਹਸਤੀ ਸਾਡੇ ਤੋਂ ਜੁਦਾ ਹੋ ਗਈ ਹੈ। ਮੌਤ ਅਤੇ ਭਾਣੇ ਦੇ ਅਟਲ ਨਿਯਮ ਵਿਚ ਸਾਡੇ ਸਤਿਕਾਰੇ ਅਤੇ ਪਿਆਰੇ ਬਾਬਾ ਜੀ ਸ. ਗੁਰਬਖਸ਼ ਸਿੰਘ ਬੰਨੋਆਣਾ ਨੇ ਇਸ ਸੰਸਾਰ ਤੋਂ ਵਿਦਾ ਲੈ ਲਈ ਹੈ। ਜਿਵੇਂ ਪਾਣੀ ਵਿਚ ਹਰ ਰੰਗ ਹੀ ਮਿਲ ਜਾਂਦਾ ਹੈ ਇਵੇਂ ਹੀ ਬੰਨੋਆਣਾ ਦੀ ਸਖ਼ਸੀਅਤ ਸੀ। ਜ਼ਾਹਰੀ ਤੌਰ ਤੇ ਉਹ ਵਖੱ-ਵੱਖ ਸਿਆਸੀ ਪਾਰਟੀਆਂ ਨਾਲ ਸਰਗਰਮੀ ਨਾਲ ਜੁੜੇ ਰਹੇ ਪਰ ਅੰਦਰੋਂ ਉਹ ਮਾਨਵੀ ਪਿਆਰ ਅਤੇ ਕਦਰਾਂ ਕੀਮਤਾਂ ਦੀ ਜ਼ਿੰਦਾ ਮਿਸਾਲ ਸਨ। ਉਹਨਾਂ ਦਾ ਖਾਨਦਾਨੀ ਪਿਛੋਕੜ ਤਾਂ ਸਿੱਖ ਇਤਿਹਾਸ ਦੀ ਪ੍ਰਸਿੱਧ ਹਸਤੀ ਭਾਈ ਬੰਨੋ ਨਾਲ ਜੁੜਦਾ ਹੈ। ਸਿੱਖ ਇਤਿਹਾਸ ਸ਼ਾਹਦ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਲਿਖਵਾ ਲਈ ਤਾਂ ਉਸ ਦੀ ਜਿਲਦ ਬਨਾਉਣ ਵਾਸਤੇ ਭਾਈ ਬੰਨੋ ਜੀ ਦੀ ਜ਼ੁਮੇਵਾਰੀ ਲਾਈ ਗਈ। ਭਾਈ ਬੰਨੋ ਜੀ ਲਾਹੌਰ ਜਿਲਦ ਬਨਵਾਉਣ ਗਏ ਤਾਂ ਉਹਨਾਂ ਲਿਖਾਰੀਆਂ ਦਾ ਐਸਾ ਪ੍ਰਬੰਧ ਕੀਤਾ ਕਿ ਅਸਲ ਬੀੜ ਦਾ ਇਕ ਹੋਰ ਉਤਾਰਾ ਨਕਲ ਕਰ ਲਿਆ। ਬੀੜ ਦੀ ਕਹਾਣੀ ਜਾਂ ਸਾਖੀ ਕੋਈ ਵੀ ਹੋਵੇ ਅਸੀਂ ਕੇਵਲ ਇਹ ਹੀ ਦੇਖਣਾ ਹੈ ਕਿ ਬੰਨੋਆਣਾ ਜੀ ਦੇ ਵਡੇ ਵਡੇਰੇ ਸਾਹਿਤਕ ਕਾਰਜਾਂ, ਲਿਖਣ ਲਿਖਾਉਣ ਅਤੇ ਪੜ੍ਹਣ ਵਿਚ ਕਿੰਨੀ ਦਿਲਚਸਪੀ ਅਤੇ ਮੁਹਾਰਤ ਰੱਖਦੇ ਸਨ। ਸ. ਗੁਰਬਖ਼ਸ਼ ਸਿੰਘ ਬੰਨੋਆਣਾ ਜੀ ਦੀਆਂ ਮੋਹ ਦੀਆਂ ਤੰਦਾਂ ਵਿਚ ਜੋ ਲੋਕ ਬੱਝੇ ਹੋਏ ਸਨ ਉਹ ਧਰਮਾਂ, ਪਾਰਟੀਆਂ ਅਤੇ ਦੇਸ਼ ਦੀਆਂ ਹੱਦਾਂ ਤੋਂ ਪਾਰ ਸਨ। ਬੰਨੋਆਣਾ ਜੀ ਕਿਸੇ ਸਮੇਂ ਅਕਾਲੀ ਪਾਰਟੀ ਦੀਆਂ ਮੋਹਰਲੀਆਂ ਸਫਾਂ ਵਿਚ ਕੰਮ ਕਰਦੇ ਰਹੇ। ਅਕਾਲੀ ਪਾਰਟੀ ਅਤੇ ਸਿੱਖ ਮਾਨਸਿਕਤਾ ਉਤੇ ਅੱਧੀ ਸਦੀ ਰਾਜ ਕਰਨ ਵਾਲੇ ਮਹਾਨ ਨੇਤਾ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੇ ਨਿਜੀ ਸਹਾਇਕ (ਪੀ.ਏ) ਹੋਣਾ ਕੋਈ ਛੋਟੀ ਮੋਟੀ ਗੱਲ ਨਹੀਂ ਸੀ। ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਨੇ ਇਹ ਜ਼ਿਮੇਵਾਰੀ ਨਿਭਾਈ। ਉਹ ਲੋਕ ਅੱਜ ਵੀ ਮੌਜੂਦ ਹਨ ਜੋ ਬੰਨੋਆਣਾ ਸਾਹਿਬ ਦੇ ਇਸ ਜੀਵਨ ਸਫਰ ਦੀ ਉਗਾਹੀ ਭਰਦੇ ਹਨ। ਇਸ ਦਾਇਰੇ ਵਿਚ ਆਉਣ ਵਾਲੇ ਅੱਜ ਵੀ ਮੌਜੂਦ ਲੋਕਾਂ ਵਿਚ ਬਜ਼ੁਰਗ ਲੋਕ ਸੇਵਕ ਸ. ਬੁੱਧ ਸਿੰਘ ਢਾਹਾਂ ਕਲੇਰਾਂ ਵਾਲੇ ਹਨ ਜਿਨਾਂ ਦੀ ਲਗਨ ਨੇ ਸ਼ਾਨਦਾਰ ਹਸਪਤਾਲ ਅਤੇ ਹੋਰ ਸੰਬਧਤ ਅਦਾਰੇ ਖੜੇ ਕਰ ਕੇ ਅੰਤਰਾਸ਼ਟਰੀ ਪੱਧਰ ਤੇ ਪਰਸੰਸਾ ਖੱਟੀ ਹੈ। ਦੂਸਰੇ ਵਿਅਕਤੀ ਹਨ ਬਜ਼ੁਰਗ ਅਕਾਲੀ ਜਥੇਦਾਰ ਪ੍ਰੀਤਮ ਸਿੰਘ ਸ਼ਰੀਂਹ। ਇਹਨਾਂ ਲੋਕਾਂ ਦੇ ਨਾਮ ਇਸ ਕਰਕੇ ਲਿਖੇ ਹਨ ਕਿ ਇਹਨਾਂ ਨੇ ਬੰਨੋਆਣਾ ਜੀ ਦੇ ਘਰ ਨਕੋਦਰ ਵਿਚ ਸਮਾਗਮ ਤੇ ਪੁੱਜ ਕੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਸਮੇਤ ਪੁਰਾਣੇ ਸਮਿਆਂ ਨੂੰ ਯਾਦ ਕਰਦਿਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਸਨ। ਬੰਨੋਆਣਾ ਜੀ ਨਾਲੋ ਨਾਲ ਪੱਤਰਕਾਰੀ ਦੇ ਵੀ ਥੰਮ ਬਣੇ ਰਹੇ ਅਕਾਲੀ ਪਾਰਟੀ ਤੋਂ ਉਹ ਕਮਿਊਨਿਸਟ ਪਾਰਟੀ 'ਚ ਆਏ। ਪ੍ਰਭਾਤ ਅਖਬਾਰ ਉਰਦੂ ਤੇ ਪੰਜਾਬੀ ਤੋਂ ਉਹ ਅਜੀਤ ਉਰਦੂ ਤੇ ਪੰਜਾਬੀ ਵਿਚ ਆਏ ਅਤੇ ਫੇਰ ਪੰਜਾਬ ਕਮਿਊਨਿਸਟ ਪਾਰਟੀ ਦੀ ਅਖ਼ਬਾਰ ਨਵਾਂ ਜ਼ਮਾਨਾ ਵਿਚ। ਨਵਾਂ ਜ਼ਮਾਨਾ ਨੂੰ ਛੱਡਣ ਤੋਂ ਬਾਦ ਕੁਝ ਸਮਾਂ ਹੀ ਉਹ ਵਿਹਲੇ ਰਹੇ ਅਤੇ ਫੇਰ ਗਦਰੀ ਦੇਸ਼ ਭਗਤਾਂ ਦੀ ਵਿਰਾਸਤ ਦੇਸ਼ ਭਗਤ ਯਾਦਗਾਹ ਕਮੇਟੀ ਜਲੰਧਰ ਨਾਲ ਜੁੜ ਗਏ ਅਤੇ ਸਰੀਰ ਤਿਆਗਣ ਤਕ ਉਹ ਦੇਸ਼ ਭਗਤ ਯਾਦਗਾਰ ਟਰੱਸਟ ਵਿਚ ਟਰੱਸਟੀ ਵਜੋਂ ਅਹਿਮ ਭੂਮਿਕਾ ਨਿਭਾਉਂਦੇ ਰਹੇ। ਬਾਬਾ ਬਨੋਆਣਾ ਨੂੰ ਪੜ੍ਹਣ ਲਿਖਣ ਦੀ ਪੁਰਾਣੀ ਆਦਤ ਸੀ। ਦੇਸ਼ ਭਗਤ ਹਾਲ ਵਿਚ ਉਹਨਾਂ ਦੀ ਇਸ ਭੁੱਖ ਦੀ ਤ੍ਰਿਪਤੀ ਹੁੰਦੀ ਰਹੀ ਅਤੇ ਉਹਨਾਂ ਥੱਬਿਆਂ ਦੇ ਥੱਬੇ ਅਖਬਾਰਾਂ ਅਤੇ ਪੁਸਤਕਾਂ ਦਾ ਅਧਿਐਨ ਕੀਤਾ। ਇਸ ਨਾਲ ਹੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਕਾਸ਼ਤ ਮੈਗਜ਼ੀਨ ਵਿਰਸੇ ਦੇ ਵੀ ਸੰਪਾਦਕ ਰਹੇ ਅਤੇ ਇਸ ਸੰਸਥਾ ਵਲੋਂ ਪ੍ਰਕਾਸ਼ਤ ਬਹੁਤ ਸਾਰੀ ਸਾਮਗਰੀ ਨਾਲ ਉਹ ਜੁੜੇ ਰਹੇ।



Namdhari Elibrary NamdhariElibrary@gmail.com



ਪੰਜਾਬੀ ਪੱਤਰਕਾਰੀ ਦੇ ਉਹ ਬਾਬਾ ਬੋਹੜ ਕਰ ਕੇ ਜਾਣੇ ਜਾਂਦੇ ਹਨ ਅਤੇ ਪੰਜਾਬ ਚੰਡੀਗੜ੍ਹ, ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਅਤੇ ਰਸਾਲਿਆਂ ਦੇ ਸੰਪਾਦਕ ਜਾਂ ਇਹਨਾਂ ਵਿਚ ਕਮ ਕਰਨ ਵਾਲੇ ਲੋਕ ਮਾਨ ਸਨਮਾਨ ਨਾਲ ਕਹਿੰਦੇ ਹਨ ਕਿ ਅਸਾਂ ਪਤਰਕਾਰੀ ਦੀ ਦੀਖਿਆ ਬਾਬਾ ਬੰਨੋਆਣਾ ਤੋਂ ਲਈ ਹੈ। ਵਦੇਸ਼ਾਂ ਵਿਚ ਅਮਰੀਕਾ ਇੰਗਲੈਂਡ ਵਿਚ ਵੀ ਬਾਬਾ ਬੰਨੋਆਣਾ ਦੀ ਖੁਸ਼ਬੋ ਨਾਲ ਫੈਜ਼ਯਾਬ ਹੋਣ ਵਾਲੇ ਲੋਕ ਅਨੇਕਾਂ ਹਨ।

ਬੰਨੋਆਣਾ ਸਾਹਿਬ ਦੀ ਇਹ ਸਿਫਤ ਸੀ ਕਿ ਬਾਵਜੂਦ ਉਚਿਆਂ ਲੋਕਾਂ ਨਾਲ ਦੋਸਤੀ ਹੋਣ ਦੇ ਉਹਨਾਂ ਕਦੀ ਇਸ ਯਾਰੀ ਦੋਸਤੀ ਦਾ ਨਾਜਾਇਜ਼ ਸਿਲਾ ਨਹੀਂ ਲਿਆ।

ਪੰਜਾਬੀ ਦੀ ਪਰਮੁੱਖ ਅਖਬਾਰ ਅਜੀਤ ਦੇ ਬਾਨੀ ਸੰਪਾਦਕ ਸ. ਸਾਧੂ ਸਿੰਘ ਹਮਦਰਦ ਬੰਨੋਆਣਾ ਦੇ ਮਿਤਰ ਸਖਾ ਭਰਾ ਸਭ ਕੁਝ ਸਨ। ਅਜੀਤ ਦੇ ਵਰਤਮਾਨ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਬੰਨੋਆਣਾ ਨੂੰ ਬਜ਼ੁਰਗ ਹਮਦਰਦ ਦਾ ਆਦਰ ਦਿੰਦੇ ਹਨ। ਬੰਨੋਆਣਾ ਸਾਹਿਬ ਨੇ ਅਜੀਤ ਦੀ ਨੌਕਰੀ ਛੱਡ ਕੇ ਬਹੁਤ ਘੱਟ ਪੈਸਿਆਂ ਵਾਲੀ ਨਵਾਂ ਜ਼ਮਾਨਾ ਅਖਬਾਰ ਦੇ ਸਟਾਫ ਵਿਚ ਸ਼ਮੂਲੀਅਤ ਕੀਤੀ। ਭਾਵੇਂ ਹਮਦਰਦ ਸਾਹਿਬ ਵੱਲੋਂ ਵੱਡੇ ਤੋਂ ਵੱਡੇ ਮਾਲੀ ਸਹਾਇਤਾ ਦੀ ਪੇਸ਼ਕਸ਼ ਸੀ ਪਰ ਬੰਨੋਆਣਾ ਨੇ ਦੋਸਤੀ ਨੂੰ ਬਰਕਰਾਰ ਰੱਖਦੇ ਹੋਏ ਅਜੀਤ ਅਖਬਾਰ ਤੋਂ ਬਾਇਜ਼ਤ ਅਲਹਿਦਗੀ ਅਖਤਿਆਰ ਕੀਤੀ। ਇਸ ਤਰ੍ਹਾਂ ਨਵਾਂ ਜ਼ਮਾਨਾ ਅਖਬਾਰ ਤੋਂ ਵੱਖ ਹੋਏ ਪਰ ਆਪਣੀਆਂ ਦੋਸਤੀਆਂ ਅਤੇ ਸਤਿਕਾਰ ਕਾਇਮ ਰਖਿਆ। ਬਕੌਲ ਵਰਿਆਮ ਸਿੰਘ ਸੰਧੂ ਬਨੋਆਣਾ ਸਾਹਿਬ ਦੇ ਸ਼ਾਗਿਰਦਾਂ ਨੇ ਨਾਂਅ ਅਤੇ ਨਾਵਾਂ ਖੂਬ ਕਮਾਇਆ ਪਰ ਬਾਬਾ ਬੰਨੋਆਣਾ ਸਦਾ ਦਰਵੇਸ਼ ਰਿਹਾ। ਅੱਜ ਬਾਬਾ ਜੀ ਨੂੰ ਪਿਆਰ ਕਰਣ ਵਾਲੇ ਕਾਂਗਰਸੀ ਵੀ ਹਨ, ਅਕਾਲੀ ਵੀ, ਕਮਿਊਨਿਸਟ ਵੀ ਅਤੇ ਜੰਨਸੰਘੀ ਵੀ ਹਨ। ਬਾਬਾ ਜੀ ਦੇ ਪਿਆਰੇ ਅਤੇ ਰਿਸ਼ਤੇਦਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਵੀ ਹਨ ਅਤੇ ਨਾਮਧਾਰੀ ਪਰਿਵਾਰ ਵਿਚੋਂ ਸਵਰਗੀ ਸ. ਪ੍ਰੀਤਮ ਸਿੰਘ ਕਵੀ ਅਤੇ ਇਹਨਾਂ ਸਤਰਾਂ ਦਾ ਲੇਖਕ ਤਾਂ ਹੈ ਹੀ। ਨਾਮਧਾਰੀ ਭਾਈਚਾਰੇ ਦੇ ਪ੍ਰਮੁੱਖ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਦਾ ਹੀ ਬੰਨੋਆਣਾ ਪਰਿਵਾਰ ਦੇ ਗਾਡਫਾਦਰ ਦੀ ਭੂਮਿਕਾ ਨਿਭਾਈ ਹੈ ਅਤੇ ਬੰਨੋਆਣਾ ਸਾਹਿਬ ਨੇ ਵੀ ਸਦਾ ਹੀ ਵੱਖ-ਵੱਖ ਰੰਗਾਂ ਦੇ ਲੋਕਾਂ ਨਾਲ ਗੁਣਾਂ ਦੀ ਸਾਂਝ ਰਖੀ ਹੈ ਅਤੇ ਔਗੁਣਾਂ ਦਾ ਤਿਆਗ ਕੀਤਾ ਹੈ।

ਸ. ਗੁਰਬਖ਼ਸ਼ ਸਿੰਘ ਬੰਨੋਆਣਾ ਦਾ ਇਕ ਹੋਰ ਗੁਣਕਾਰੀ ਕਾਰਜ ਹੈ ਪੰਜਾਬੀ ਸਾਹਿਤ ਨਾਲ ਸੰਬੰਧਤ ਜਥੇਬੰਦੀਆਂ ਵਿਚ ਮੋਹਰੀ ਭੂਮਿਕਾ ਨਭਾਉਣੀ। ਪੰਜਾਬੀ ਲੇਖਕ ਸਭਾ ਜਲੰਧਰ ਦੇ ਉਹ ਸਰਵੇ ਸਰਵਾ ਰਹੇ ਹਨ ਭਾਵੇਂ ਕੋਈ ਅਹੁਦਾ ਹੋਵੇ ਜਾਂ ਨਾ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਐਕਡਮੀ ਲੁਧਿਆਣਾ ਜਿਹੀਆਂ ਉਚ ਸਾਹਿਤਕ ਸੰਸਥਾਵਾਂ ਦੇ ਉਹ ਬਾਨੀ ਮੈਂਬਰ ਰਹੇ ਹਨ ਅਤੇ ਇਹਨਾਂ ਸੰਸਥਾਵਾਂ ਵਲੋਂ ਪੰਜਾਬੀ ਸਾਹਿਤ ਅਤੇ ਭਾਸ਼ਾ ਵਾਸਤੇ ਕੀਤੇ ਜਤਨਾਂ ਸੰਗ੍ਰਾਮਾਂ ਵਾਸਤੇ ਸਾਰੀ ਉਮਰ ਭਰਪੂਰ ਸਰਗਰਮ ਰਹੇ। ਪੰਜਾਬੀ ਦੇ ਹੱਕੀ ਸਥਾਨ ਲਈ ਉਹ ਆਮ ਕਾਰਕੁੰਨ ਵਾਂਗ ਦਫਤਰਾਂ ਮੂਹਰੇ ਸੜਕਾਂ ਅਤੇ ਸਰਕਾਰਾਂ ਦੇ ਦਰਾਂ ਮੂਹਰੇ ਧਰਨੇ ਤੇ ਬੈਠੇ ਹਨ। ਜਲੂਸਾਂ ਅਤੇ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਏ ਹਨ। ਸਮਾਜਕ ਸਰੋਕਾਰਾਂ ਵਾਸਤੇ ਉਹ ਗ੍ਰਿਫਤਾਰ ਵੀ ਹੋਏ। ਬਾਬਾ ਬੰਨੋਆਣਾ ਦਾ ਜੀਵਨ ਬਹੁਤ ਅਲੋਕਾਰ ਅਤੇ ਘਟਨਾਵਾਂ ਭਰਪੂਰ ਰਿਹਾ ਹੈ। ਭਾਵੇਂ ਬਹੁਤ ਸਾਰੇ ਸੰਪਾਦਕੀ ਅਤੇ ਹੋਰ ਲੇਖ ਬੰਨੋਆਣਾ ਜੀ ਦੀ ਕਲਮ ਤੋਂ ਨਿਕਲੇ ਪਰ ਇਸ ਦਰਦ ਮੰਦ ਦਰਵੇਸ਼ ਨੇ ਆਪਣੇ ਨਾਂਅ ਥੱਲੇ ਨਹੀਂ ਲਿਖਿਆ। ਬਾਬਾ ਬੰਨੋਆਣਾ ਪੰਜਾਬ ਦਾ ਚਲਦਾ ਫਿਰਦਾ ਇਤਿਹਾਸ ਅਤੇ ਕੋਸ਼ ਸੀ। ਉਹ ਇਕ ਬੇਪਰਵਾਹ ਆਜ਼ਾਦ ਰੂਹ ਸੀ। ਅਪਣੀ ਮਰਜ਼ੀ ਨਾਲ ਹੀ ਲਿਖਿਆ। ਮਿਤਰ ਲੋਕ ਬਹੁਤ ਬੇਨਤੀਆਂ ਕਰਦੇ ਰਹੇ ਕਿ ਆਪਣੇ ਜੀਵਨ ਦੇ ਮਹਾਨ ਤਜਰਬਿਆਂ ਅਤੇ ਅਖੀਂ ਵੇਖੇ ਹੰਢਾਏ ਹਾਲਾਤ ਬਾਰੇ ਅਪਣੀ ਹਥੀਂ ਲਿਖ ਜਾਓਪਰ ਬੰਨੋਆਣਾ ਜੀ ਨੇ ਅਪਣੀ ਰਵਾਇਤੀ ਬੇਪਰਵਾਹੀ ਕਾਇਮ ਰੱਖੀ। ਸ਼ਾਇਦ ਪੰਜਾਬੀ ਪੁਸਤਕਾਂ ਦੀ ਹਾਲਤ ਦਾ ਉਹਨਾਂ ਨੂੰ ਗਿਆਨ ਸੀ....



Namdhari Elibrary NamdhariElibrary@gmail.com

ਆਪਣੇ ਅੰਤਲੇ ਸਮੇਂ ਜੋ ਉਹਨਾਂ ਉਚਾ ਸੁੱਚਾ ਕਿਰਦਾਰ ਪੇਸ਼ ਕੀਤਾ ਉਹ ਬਨੌਆਣਾ ਜੀ ਨੂੰ ਇਕ ਉਚ ਮਹਾਂਪੁਰਖ ਸਥਾਪਤ ਕਰਦਾ ਹੈ। ਕਾਫੀ ਸਮੇਂ ਤੋਂ ਬੰਨੋਆਣਾ ਸਾਹਿਬ ਬਿਸਤਰੇ ਉਤੇ ਜਾਂ ਹਸਪਤਾਲਾਂ ਦੇ ਚਕਰ ਵਿਚ ਸਨ ਪਰ ਹਰ ਵਾਰ ਫੇਰ ਉਹ ਪੈਦਲ ਜਾਂ ਜਿਵੇਂ ਕਿਵੇਂ ਦੇਸ਼ ਭਗਤ ਹਾਲ ਵੀ ਪੁਜਦੇ ਅਤੇ ਮਿਤਰਾਂ ਦੇ ਘਰਾਂ ਵਿਚ ਵੀ ਫੇਰੀ ਰੱਖਦੇ। ਉਹਨਾਂ ਦੇ ਹੋਣਹਾਰ ਸਪੁੱਤਰ ਡਾ. ਨਵਪ੍ਰੀਤ ਸਿੰਘ ਨੇ ਗੁਰੂ ਤੇਗ ਬਹਾਦਰ ਨਗਰ ਨਕੋਦਰ ਵਿਚ ਹੀ ਹਸਪਤਾਲ ਸਥਾਪਤ ਕੀਤਾ ਹੈ "ਬਾਬਾ ਬੰਨੋਆਣਾ ਹਸਪਤਾਲ" ਅਤੇ ਆਪਣਾ ਨਿਵਾਸ ਅਸਥਾਨ ਵੀ ਉਥੇ ਹੀ ਬਣਾਇਆ ਹੈ। ਅੰਤ ਸਮੇਂ ਬਹੁਤਾ ਸਮਾਂ ਉਹਨਾਂ ਨੂੰ ਪਰਿਵਾਰ ਦੀ ਸੰਗਤ ਵਿਚ ਰਹਿਣਾ ਪਿਆ ਪਰ ਬਾਬੇ ਦੀ ਰੂਹ ਤਾਂ ਦੋਸਤਾਂ, ਮਿਤਰਾਂ ਵਿਚ ਸੀ। ਇਸ ਵਾਸਤੇ ਜਦੋਂ ਦਾਅ ਲਗਦਾ ਬਾਬਾ ਜੀ ਜਲੰਧਰ ਪੁੱਜ ਜਾਂਦੇ ਦੋਸਤ ਲੋਕ ਬਾਬਾ ਜੀ ਦੇ ਪ੍ਰੇਮੀ ਵੀ ਗਾਹੇ ਬਗਾਹੇ ਨਕੋਦਰ ਪੁੱਜਦੇ। ਭਾਵੇਂ ਬੰਨੋਆਣਾ ਸਾਹਿਬ ਨੂੰ ਕੈਂਸਰ ਵਰਗਾ ਨਾ ਮੁਰਾਦ ਰੋਗ ਸੀ ਪਰ ਉਹਨਾਂ ਕਦੇ ਵੀ ਇਹ ਗੱਲ ਪਰਗਟ ਨਾ ਕੀਤੀ ਅਤੇ ਨਾ ਹੀ ਇਸ ਤੋਂ ਭੈਅ ਖਾਧਾ। ਬਾਬਾ ਜੀ ਨੂੰ ਦੇਖਣ ਆਏ ਡਾਕਟਰ ਸਾਹਿਬ ਨੇ ਸਾਡੇ ਸਾਹਮਣੇ ਇਹ ਕਿਹਾ ਕਿ ਬਾਬਾ ਜੀ ਸੀਰੀਅਸ ਹਨ ਠੀਕ ਨਹੀਂ ਪਰ ਬੰਨੋਆਣਾ ਸਾਹਿਬ ਨੂੰ ਤਾਂ ਮਿਲਣ ਆਇਆਂ ਨੂੰ ਵੇਖ ਕੇ ਲਾਲੀਆਂ ਚੜ੍ਹੀਆਂ ਸਨ। ਡਾ. ਵਰਿਆਮ ਸਿੰਘ ਸੰਧੂ, ਪ੍ਰੋ. ਪਿਆਰਾ ਸਿੰਘ ਭੋਗਲ ਅਤੇ ਸਾਡੇ ਨਾਲ ਰੱਜ ਕੇ ਗੱਲਾਂ ਕੀਤੀਆਂ ਅਤੇ ਚੜ੍ਹਦੀਆਂ ਕਲਾ ਵਿਚ ਕੀਤੀਆਂ। ਸਾਨੂੰ ਕਿਹਾ ਕਿ ਮੈਂ ਇਹ ਲਫਾਫਾ ਵਰਿਆਮ ਲਈ ਭੇਜਿਆ ਹੈ ਉਹ ਮਿਲਿਆ ਕਿ ਨਹੀਂ। ਜਦੋਂ ਉਹ ਲਫਾਫਾ ਸਾਡੇ ਮਿੱਤਰ ਸ. ਤੀਰਥ ਸਿੰਘ ਕਪੂਰ ਰਾਹੀਂ ਪ੍ਰਾਪਤ ਹੋਇਆ ਤਾਂ ਨਾਲ ਹੀ ਖਬਰ ਆ ਗਈ ਕਿ ਬਾਬਾ ਜੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਸ ਲਿਫਾਫੇ ਵਿਚ ਇਕ ਕਵਿਤਾ ਸੀ 'ਜੀਵਨ ਸਾਥ' ਜੋ ਨਿਰਸੰਦੇਹ ਬਾਬਾ ਜੀ ਨੇ ਅਪਣੀ ਜੀਵਨ ਸਾਥਨ ਬੀਬੀ ਹਰਬੀਰ ਕੌਰ ਬਾਰੇ ਲਿਖੀ ਸੀ। ਇਹ ਕਵਿਤਾ ਅਸੀਂ ਇਥੇ ਛਾਪ ਰਹੇ ਹਾਂ। ਅਸੀਂ ਸਮਝਦੇ ਹਾਂ ਕਿ ਬੀਬੀ ਹਰਬੀਰ ਕੌਰ ਬੰਨੋਆਣਾ ਜੀ ਨਾਲ ਥੰਮ ਬਣ ਕੇ ਖੜੇ ਰਹੇ। ਬੰਨੋਆਣਾ ਵਰਗੇ ਫਕੀਰ ਬੰਦੇ ਨਾਲ ਸਾਥ ਨਿਭਾ ਕੇ ਘਰੇਗੀ ਜ਼ਿੰਮੇਵਾਰੀ ਤੋਂ ਮੁਕਤ ਕੀਤੀ ਰੱਖਿਆ ਹੈ। ਜਿਵੇਂ ਕਿਵੇਂ ਇਕ ਰੈਣ ਬਸੇਰਾ ਬਣਵਾਇਆ ਆਪ ਟੈਲੀਫੋਨ ਮਹਿਕਮੇ ਵਿਚ ਨੌਕਰੀ ਕੀਤੀ। ਪੁੱਤਰ ਪੁੱਤ੍ਰੀ ਨੂੰ ਪੜ੍ਹਾਇਆ। ਪੁੱਤਰ ਨਵਪ੍ਰੀਤ ਸਿੰਘ ਨੂੰ ਮਾਸਕੋ ਰੂਸ ਵਿਚ ਪੜ੍ਹਾਇਆ। ਨਕੋਦਰ ਵਿਚ ਪਹਿਲਾਂ ਸਰਕਾਰੀ ਹਸਪਤਾਲ ਵਿਚ ਨੌਕਰੀ ਲਵਾਈ ਫੇਰ ਅਪਣੇ ਵੱਖਰੇ ਹਸਪਤਾਲ ਵਿਚ ਸਥਾਪਤ ਕੀਤਾ। ਰੂਸ ਤੋਂ ਆਈ ਨੂੰਹ ਗਾਲੀਨਾ ਨੂੰ ਆਪਣੇ ਪਿਆਰ ਵਿਚ ਰੰਗ ਕੇ ਪੂਰਨ ਪੰਜਾਬੀ ਨੂੰਹ ਹੀ ਬਣਾ ਦਿਤਾ। ਬਾਬਾ ਜੀ ਦਾ ਸਫਲ ਆਗਿਆਕਾਰ ਸਨਿਮਰ ਪਰਿਵਾਰ ਅਗੋਂ ਬਾਬਾ ਜੀ ਦਾ ਹੀ ਸਰੂਪ ਲਗਦਾ ਹੈ। ਸ. ਗੁਰਬਖ਼ਸ਼ ਸਿੰਘ ਬੰਨੋਆਣਾ ਨੇ ਅਪਣੇ ਚਲਾਣੇ ਤੋਂ ਪਹਿਲਾਂ ਜੋ ਕਵਿਤਾ ਬੀਬੀ ਹਰਬੀਰ ਕੌਰ ਨੂੰ ਸਮਰਪਿਤ ਕੀਤੀ ਹੈ ਇਸ ਤੋਂ ਵੱਡਾ ਸਰਟੀਫੀਕੇਟ ਅਸਾਸਾ ਕਿਸੇ ਸੁਆਣੀ ਕੋਲ ਹੋਰ ਕੀ ਹੋਣਾ ਹੈ।

ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਦੀ ਮਹਿਮਾ ਪਰੇ ਤੋਂ ਪਰੇ ਹੈ। ਗਾਹੇ ਬਗਾਹੇ ਲੋਕਾਂ ਵੱਲੋਂ ਉਹਨਾਂ ਨੂੰ ਭਾਰੀ ਮਾਨ ਸਨਮਾਨ ਮਿਲਿਆ ਹੈ ਪੰਜਾਬ ਸਰਕਾਰ ਵੱਲੋਂ ਵੀ ਉਹ ਸ਼੍ਰੋਮਣੀ ਪੱਤਰਕਾਰ ਵੱਲੋਂ ਸਨਮਾਨਿਤ ਹਨ ਉਹਨਾਂ ਦੇ ਨਿਧਨ ਤੇ ਅਜੀਤ, ਨਵਾਂ ਜ਼ਮਾਨਾ ਅਖਬਾਰਾਂ ਨੇ ਵਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਨੇ ਉਹਨਾਂ ਦੇ ਸ਼ਰਧਾਂਜਲੀ ਸਮਾਗਮ ਤੇ ਇਕ ਯਾਦ ਨਿਸ਼ਾਨੀ ਪੁਸਤਕਾ ਪ੍ਰਕਾਸ਼ਤ ਕੀਤੀ ਹੈ ਜਿਸ ਵਿਚ ਤਤ ਫੱਟ ਕੋਈ ੪੫ ਲੇਖਕਾਂ, ਵਿਦਵਾਨਾਂ ਅਤੇ ਪਰਿਵਾਰਕ ਜੀਆਂ ਦੇ ਲੇਖ ਹਨ। ਹਰ ਇਕ ਨੇ ਨਵੀਂ ਤੋਂ ਨਵੀਂ ਗੱਲ ਲਿਖੀ ਹੈ। ਅਸੀਂ ਸਮਝਦੇ ਹਾਂ ਕਿ ਇਸ ਵਿਸ਼ਾਲ ਸ਼ਖਸੀਅਤ ਬਾਰੇ ਬਹੁਤ ਕੁਝ ਲਿਖਣ ਬੋਲਣ ਦੀ ਗੁੰਜਾਇਸ਼ ਹੈ। ਸਾਨੂੰ ਇਸ ਗੱਲ ਦਾ ਮਾਨ ਅਤੇ ਤਸੱਲੀ ਹੈ ਕਿ ਅਪਣੇ ਜੀਵਨ ਦੇ ਕੁਝ ਪਲ ਅਸੀਂ ਇਸ ਮਹਾਨ ਪੁਰਖ ਦੇ ਸੰਗ ਸਾਥ ਨਿਭਾਏ ਹਨ। ਬੰਨੋਆਣਾ ਜੀ ਵਰਿਆਮ ਵਿਚ ਵਿਸ਼ੇਸ਼ ਦਿਲਚੱਸਪੀ ਲੈਂਦੇ ਸਨ, ਇਸ ਦੇ ਪਾਠਕ ਵੀ ਸਨ ਗਾਈਡ ਵੀ। ਇਸ ਲਈ ਉਹਨਾਂ ਦਾ ਵਿਗੋਚਾ ਬੁਰੀ ਤਰ੍ਹਾਂ ਮਹਿਸੂਸ ਹੋ ਰਿਹਾ ਹੈ। ਇਹ ਅੰਕ ਬੰਨੋਆਣਾ ਵਿਸ਼ੇਸ਼ ਅੰਕ ਤਾਂ ਨਹੀਂ ਪਰ ਉਹਨਾਂ ਦੀ ਸਿਮਰਤੀ ਵਿਚ ਕੁਝ ਪਹਿਲੇ ਅਤੇ ਕੁਝ ਨਵੇਂ ਲੇਖ ਸ਼ਰਧਾਂਜਲੀ ਵਜੋਂ ਪ੍ਰਕਾਸ਼ਤ ਕੀਤੇ ਹਨ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਸੰਤੋਖ ਸਿੰਘ ਸਫ਼ਰੀ ਦਾ ਸਫਰ ਪੂਰਾ



ਪੰਜਾਬੀ ਬੋਲੀ ਦਾ ਆਸ਼ਕ ਅਤੇ ਬਜ਼ੁਰਗ ਸ਼ਾਇਰ ਬੈਂਤਾਂ ਦਾ ਬਾਦਸ਼ਾਹ ਅਤੇ ਸਟੇਜ ਦਾ ਧਨੀ ਸ਼ਾਇਰ ਸਤਿਕਾਰਤ ਸ. ਸੰਤੋਖ ਸਿੰਘ ਸਫ਼ਰੀ ਆਪਣੀ ਹਯਾਤੀ ਦਾ ਸਫ਼ਰ ੨੦ ਅਪਰੈਲ ੨੦੦੯ ਪੂਰੀ ਸ਼ਾਨ ਨਾਲ ਪੂਰਾ ਕਰ ਗਿਆ ਹੈ। ਅਧੀ ਸਦੀ ਤੋਂ ਵੱਧ ਸਮਾਂ ਜਲੰਧਰ ਵਿਚ ਸਾਲਾਨਾ ਕਵੀ ਦਰਬਾਰਾਂ ਨੂੰ ਸ਼ਾਨ ਨਾਲ ਸਜਾਉਣ ਵਾਲਾ ਅਤੇ ਆਪਣੇ ਬੈਂਤਾਂ ਅਤੇ ਚੌਮਿਸਰਿਆਂ ਰਾਹੀਂ ਮੁਰਦਿਆਂ ਵਿਚ ਜਾਨ ਪਾ ਦੇਣ ਵਾਲਾ, ਅਠਾਸੀ ਸਾਲ ਦੀ ਉਮਰ ਵਿਚ ਸ਼ਮਲੇ ਵਾਲੀ ਸਫੈਦ ਦਸਤਾਰ ਅਤੇ ਹੱਥ ਮਜ਼ਬੂਤ ਡਾਂਗ ਫੜ ਕੇ ਤੁਰਨ ਵਾਲਾ ਜੋਗੀ ਆਸਨ ਸਮੇਟ ਗਿਆ ਹੈ। ਸ. ਸੰਤੋਖ ਸਿੰਘ ਸਫ਼ਰੀ ਇਕ ਮੋਹ ਭਿੱਜੀ ਰੂਹ ਸੀ। ਪਿਆਰ ਕਰਨ ਵਾਲੀ। ਉਸ ਦੇ ਪਿਆਰ ਦਾ ਘੇਰਾ ਅਸੀਮ ਸੀ ਜਿਸਦਾ ਸਬੂਤ ਸੀ ੨੧ ਅਪ੍ਰੈਲ ੨੦੦੯ ਨੂੰ ਅੰਤਮ ਯਾਤਰਾ ਵਿਚ ਸ਼ਾਮਲ ਬੇ ਪਨਾਹ ਹਜੂਮ। ਕਾਲੀ ਬੋਲੀ ਰਾਤ ਵਿਚ ਤੇਜ਼ ਵਗਦੀਆਂ ਹਵਾਵਾਂ ਵਿਚ ਵੀ ਉਸ ਨੇ ਮਾਂ ਬੋਲੀ ਪੰਜਾਬੀ ਦਾ ਦੀਵਾ ਬਾਲ ਕੇ ਰੱਖਿਆ। ਉਸ ਇੱਕਲੇ ਬੰਦੇ ਦੇ ਉਦਮ ਸਦਕਾ ਜਲੰਧਰ ਵਿਚ ਪੰਜਾਬੀ ਕਵੀਆਂ ਦੇ ਬੋਲ ਸੁਣੀਂ ਦੇ ਰਹੇ ਅਤੇ ਕਵਿਤਾ ਦੇ ਮੇਲੇ ਲਗਦੇ ਰਹੇ। ਉਹ ਧੰਨ ਸੀ ਮਹਾਨ ਸੀ ਅਤੇ ਆਪਣੇ ਪਿਛੇ ਇਕ ਬਹੁਤ ਵੱਡਾ ਖਿਲਾਅ ਛੱਡ ਗਿਆ ਹੈ। ਸ. ਸਫ਼ਰੀ ਅਪਣੇ ਅੰਤਲੇ ਸਮੇਂ ਤੱਕ ਹਸਪਤਾਲ ਵਿਚ ਜਗਦੀਸ਼ ਸਿੰਘ ਵਰਿਆਮ ਨੂੰ ਯਾਦ ਕਰਦੇ ਰਹੇ। ਅਸੀਂ ਸਫ਼ਰੀ ਸਾਹਿਬ ਨੂੰ ਯਾਦ ਕਰਦੇ ਹੋਏ ਉਹਨਾਂ ਦੀਆਂ ਕੁਝ ਆਪਣੀਆਂ ਰਚਨਾਵਾਂ ਕੁੱਝ ਚਿੱਠੀਆਂ ਆਦਿ ਛਾਪ ਰਹੇ ਹਾਂ।

*—ਜਗਦੀਸ਼ ਸਿੰਘ ਵਰਿਆਮ*

# ਜੀਵਨ ਸਾਥ

*—ਗੁਰਬਖਸ਼ ਸਿੰਘ ਬੰਨੋਆਣਾ*

ਉਹ ਨਫ਼ੀਸ ਹੈ
ਬੇਹੱਦ ਨਫ਼ੀਸ
ਨਫ਼ਾਸਤ ਉਦੀਆਂ ਰਗਾਂ ਵਿਚ ਦੌੜਦੀ
ਹਸਤੀ ਮਨ-ਸੁੰਦਰਤਾ ਦਾ ਰੂਪ ਸਾਕਾਰ
ਸੱਭ ਨਾਲ ਉਹਦਾ ਇਕੋ ਰਿਸ਼ਤਾ
ਦਰਦ ਦਾ ਰਿਸ਼ਤਾ
ਦਰਦੋਂ ਉਪਜੇ
ਸੇਵਾ-ਵਰਦਾਨ

ਦੂਜੇ ਦੇ
ਕੰਮ ਆਉਣ ਦਾ ਚਾਅ
ਅਪਰ ਅਪਾਰ
ਵਾਹ ਮੇਰੇ ਯਾਰ ਵਾਹ ਮੇਰੇ ਯਾਰ

ਦੁੱਖ ਕਿਸੇ ਦਾ ਜਰ ਨਾ ਸਕਣਾ
ਬੇ-ਇਨਸਾਫ਼ੀ ਝੱਲ ਨ ਸਕਣਾ
ਇਹ ਉਹ ਦਾ ਕਿਰਦਾਰ

ਦੁਰ ਅਸੀਸ ਕਿਸੇ ਨਾ ਦੇਵੇ
ਸਭ ਦੀ ਲੋਚੇ ਖ਼ੈਰ
ਇਹ ਉਹ ਦੀ ਅਰਦਾਸ
ਕਿੰਨਾ ਸੋਹਣਾ ਜੀਵਨ-ਸਾਥ

ਵਾਰੀ ਜਾਵਾਂ ਸੌ ਸੌ ਵਾਰ
ਵਾਰੀ ਜਾਵਾਂ ਸੌ ਸੌ ਵਾਰ

*੬੬੨, ਮੋਤਾ ਸਿੰਘ ਨਗਰ*
*ਜਲੰਧਰ*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |




Namdhari Elibrary NamdhariElibrary@gmail.com

ਲਲਿਤ ਨਿਬੰਧ

—ਡਾ. ਲਖਵਿੰਦਰ ਜੌਹਲ

## ਸੱਚ, ਅਹਿੰਸਾ ਅਤੇ ਅਜ਼ਾਦੀ

ਸੱਚ, ਅਹਿੰਸਾ ਅਤੇ ਅਜ਼ਾਦੀ... ਅਜੀਬ ਸੰਕਲਪ ਹਨ। ਇਕ ਦੂਸਰੇ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ। ਇਨਾਂ ਤਿੰਨਾਂ ਦਾ ਸੰਪਰਕ ਸੂਤਰ ਹੈ ਮਹਾਤਮਾ ਗਾਂਧੀ। ਮਹਾਤਮਾ ਗਾਂਧੀ ਦੀ ਤਸਵੀਰ ਨੂੰ ਪਹਿਨਾਏ ਹੋਏ ਚਸ਼ਮੇ ਨੂੰ ਵੇਖਦਾ ਹਾਂ ਤਾਂ ਸਾਫ਼ ਦਿਸਦੇ ਨੇ ਤਿੰਨੇ ਸੰਕਲਪ.... ਪਰ ਇਹ ਲਾਠੀ ਅਤੇ ਲੰਗੋਟੀ ? ਸੋਚਦਾ ਹਾਂ ਕਿੰਨੀ ਸਹਿਜ ਅਤੇ ਅਦਭੁਤ ਹੈ ਵਿਚਾਰ ਅਤੇ ਵਿਹਾਰ ਦੀ ਜੋਟੀ। ਮੈਂ ਘੁੰਮ ਰਿਹਾ ਹਾਂ ਸਾਬਰਮਤੀ ਆਸ਼ਰਮ ਦੀ ਸਾਂ ਸਾਂ ਅੰਦਰ। ਗਾਂਧੀ ਜੀ ਦੀ ਪੈਰਚਾਪ ਮੈਨੂੰ ਘੁਮਾ ਰਹੀ ਹੈ ਇਧਰ ਉਧਰ। ਇਸ ਸਾਂ ਸਾਂ ਵਿਚ ਸੌਂ ਰਹੀ ਹੈ ਸੰਗਰਾਮ ਦੀ ਸਰਗਮ.... ਕਿਸ ਤਰ੍ਹਾਂ ਉਨ੍ਹਾਂ ਕਦਮਾਂ ਨਾਲ ਮਿਲ ਕੇ ਤੁਰਦਾ ਸੀ ਸਮਾਂ.... ਸਮੇਂ ਦੀ ਘੂਕਰ ਚਰਖੇ ਦੀ ਘੂਕਰ ਵਿਚ ਸਮਾ ਕੇ ਗੋਲੀਆਂ ਦੀ ਗੜ੍ਹਗੜ ਨੂੰ ਨਿਗਲ ਗਈ ਸੀ ਕਿਵੇਂ ? ਵਿਸ਼ਵਾਸ ਨਹੀਂ ਹੁੰਦਾ.... ਪਰ ਹੋਇਆ ਇਹ ਸਭ ਕੁਝ.. ਅੱਖਾਂ ਮੁੰਦ ਕੇ ਨਿਹਾਰਦਾ ਹਾਂ...... ਇਤਿਹਾਸ... ਵਰਤਮਾਨ ਬਲ ਰਿਹਾ ਹੈ ਮੇਰੀਆਂ ਅੱਖਾਂ ਅੰਦਰ ਮੇਰੇ ਮਨ ਅੰਦਰ.... ਲਟ ਲਟ ਬਲ ਰਹੀ ਹੈ ਸਾਬਰਮਤੀ ਐਕਸਪ੍ਰੈਸ... ਸਮੇਂ ਦਾ ਮੂੰਹ ਚਿੜਾਉਂਦੀ... ਸੱਚ ਅਹਿੰਸਾ ਅਤੇ ਅਜ਼ਾਦੀ... ਦੰਗਿਆਂ ਦਾ ਦਹਿਨ ਧਰਮਾਂ ਦੇ ਧੌਲ ਮਾਣ ਰਹੇ ਨੇ ਲਪਟਾਂ ਦੇ ਰੰਗ ਕਪਟਾਂ ਦੇ ਸੰਗ.. ਮੇਰੇ ਅੰਦਰਲੇ ਵਿਸ਼ਵਾਸ਼ ਤਿੜਕ ਰਹੇ ਨੇ... ਵਿਸ਼ਵਾਸਾਂ ਦੇ ਮੂੰਹ ਉਦਾਸ ਨੇ ਵਿਸ਼ਵਾਸਾਂ ਬੁਲਾ ਰਹੇ ਨੇ ਫੇਰ ਗਾਂਧੀ ਜੀ ਨੂੰ। ਲੋੜਦੇ ਨੇ ਸਤਿਆਗ੍ਰਹਿ ਕੋਈ ਡਾਂਡੀ ਮਾਰਚ ਫੇਰ ਕੋਈ। ਫੇਰ ਉਦੇ ਹੋਣੇ ਸੰਕਲਪ ਕੋਈ ਪਾਰਦਰਸ਼ੀ... ਸੱਚ, ਅਹਿੰਸਾ.... ਲਾਠੀ...., ਲੰਗੋਟੀ...., ਵਿਚਾਰ...., ਵਿਹਾਰ... ਬਾਪੂ... ਮੈਂ ਚਸ਼ਮਾ। ਮੈਂ ਬਹੁਤ ਗਹੁ ਨਾਲ ਵੇਖਦਾ ਹਾਂ.. ਬਾਪੂ ਦੇ ਚਸ਼ਮੇ ਨੂੰ... ਆਪਣੇ ਚਸ਼ਮਿਆ ਵਿਚੀਂ..।

## ਭਿੱਜੀ ਹੋਈ ਸਵੇਰ

ਕਿੰਨੀ ਖ਼ੂਬਸੂਰਤ ਹੈ-ਭਿੱਜੀ ਹੋਈ ਸਵੇਰ। ਹੁਣੇ ਹੁਣੇ ਬਰਸਾਤ ਦੀ ਪਹਿਲੀ ਵਰਖਾ ਨੇ ਛੇੜੀ ਹੈ ਸਰਗਮ। ਦਿੱਲੀ ਸ਼ਹਿਰ ਦੇ ਤਪਦੇ ਆਸਮਾਨ ਉੱਤੇ-ਕਿਸ ਤਰ੍ਹਾਂ ਦਾ ਹੈ ਇਸ ਸ਼ਹਿਰ ਦਾ ਆਸਮਾਨ, ਰਾਤ ਦੇ ਹਨੇ੍ਰੇ ਵਿਚ ਵੀ, ਦਿਨ ਦੇ ਉਜਾਲੇ ਵਰਗੀ ਤਪਸ਼। ਸੂਰਜ ਵਾਂਗ ਬਲਦਾ ਚੰਦ। ਖਾਣ ਨੂੰ ਆਉਂਦੀਆਂ ਰੌਸ਼ਨੀਆਂ...ਰੌਸ਼ਨੀਆਂ ਵਿਚ ਦੌੜਦੀ ਜ਼ਿੰਦਗੀ-ਸਾਹੋ ਸਾਹ ਹੋਈਆਂ ਸੜਕਾਂ-ਘੂੰ ਘੂੰ ਕਰਦੇ ਸਫ਼ਰ...ਕਿਥੇ ਹੈ ਇਸ ਸਫ਼ਰ ਦੀ ਮੰਜ਼ਲ, ਕਦੋਂ ਰੁਕੇਗੀ ਇਹ ਭਜ ਦੌੜ। ਸੋਚਦਾਂ ਹਾਂ ਤਾਂ ਰਾਤ ਰਾਤ ਭਰ ਨੀਂਦ ਨਹੀਂ ਪੈਂਦੀ... ਮੇਰੀਆਂ ਅੱਖਾਂ ਵਿਚ ਅਮਲਤਸ ਦੇ ਪੀਲੇ ਫੁੱਲਾਂ ਦੀ ਬਰਸਾਤ, ਉਦੋਂ ਥੰਮਣ ਦਾ ਨਾਂ ਹੀ ਨਹੀਂ ਲੈਂਦੀ, ਜਦੋਂ ਅੱਖਾਂ ਬੰਦ ਕਰਕੇ ਕੱਲ੍ਹ ਦੇ ਸੁਪਨੇ ਵੇਖਣ ਦੀ ਰੀਝ ਜਾਗਦੀ ਹੈ...ਅਮਲਤਸ ਦੇ ਪੀਲੇ ਫੁੱਲ ਅਤੇ ਗੁਲਮੋਹਰ ਦੇ ਲਾਲ ਫੁੱਲ, ਇਕੋ ਵੇਲੇ ਕਿਵੇਂ ਖਿੜ ਜਾਂਦੇ ਹਨ-ਇਹ ਰਹੱਸ ਮੇਰੀ ਸਮਝ ਵਿਚ ਨਹੀਂ ਆਉਂਦਾ। ਪੀਲਾ ਅਤੇ ਸੂਹਾ ਰੰਗ ਇਕੱਠੇ ਦੇਖਣ ਦੀ ਆਦਤ ਕਿਵੇਂ ਪਾਈਏ? ਦਿੱਲੀ ਦਾ ਦਸਤੂਰ ਹੈ-ਇਕੋ ਵੇਲੇ ਦੋਹਾਂ ਰੰਗਾਂ ਨੂੰ ਵੇਖਣ ਦਾ...ਤਪਦਾ ਸੂਰਜ ਅਤੇ ਤਪਦਾ ਚੰਦ ਇਕੋ ਜਿਹੇ ਲੱਗਦੇ ਨੇ ਦਿੱਲੀ ਨੂੰ। ਸਵੇਰੇ ਸਵੇਰੇ ਬਰਸਾਤ ਹੋਈ। ਲੱਗਿਆ ਸਾਰਾ ਸ਼ਹਿਰ ਝੂਮ ਉਠੇਗਾ। ਗਲੀਆਂ ਵਿਚ ਬੱਚੇ ਨਿਕਲ ਆਉਣਗੇ... "ਰੱਬਾ ਰੱਬਾ ਮੀਂਹ ਵਰਸਾਹ ਸਾਡੀ ਕੋਠੀ ਦਾਣੇ ਪਾ" ਗਾਉਂਦੇ ਹੋਏ-ਇਧਰ ਉਧਰ ਦੌੜਨਗੇ ਨੰਗ-ਮੁਨੰਗੇ। ਕਾਗਜ਼ਾਂ ਦੀਆਂ ਬੇੜੀਆਂ ਚਲਣਗੀਆਂ, ਗਲੀਆਂ 'ਚ ਦੌੜਦੇ ਪਾਣੀ ਉਤੇ। ਦਰਖਤਾਂ ਦੇ ਪੱਤਿਆਂ ਵਿਚੋਂ ਟਿੱਪ ਟਿੱਪ ਕਰਕੇ ਸਾਖਸ਼ਾਤ ਝਰੇਗੀ ਕਵਿਤਾ। ਪੱਤੀਆਂ ਸੜਕਾਂ ਦੇ ਸਫ਼ਿਆਂ ਉੱਤੇ ਸ਼ਬਦਾਂ ਵਾਂਗ ਵਿੱਛ ਵਿੱਛ ਜਾਣਗੀਆਂ...ਪਰ ਕੁਝ ਵੀ ਨਾ ਹੋਇਆ। ਦਿੱਲੀ ਨੂੰ ਬਰਸਾਤ ਦਾ ਦੁੱਖ ਹੈ-ਕਾਰੋਬਾਰ ਠਹਿਰ ਗਿਆ ਹੈ-ਦਫ਼ਤਰਾਂ ਨੂੰ ਦੇਰ ਹੋ ਗਈ ਹੈ... ਸਾਰਾ ਸ਼ਹਿਰ ਬੇਗਾਨਗੀ ਦੇ ਆਲਮ ਵਿਚ ਹੈ। ਸ਼ਹਿਰ ਦਾ ਬਰਸਾਤ ਨਾਲ ਰਿਸ਼ਤਾ ਓਪਰਾ ਓਪਰਾ ਕਿਉਂ ਹੈ। ਸ਼ਹਿਰ-ਬਰਸਾਤ ਅਤੇ ਮੈਂ-ਤਿੰਨਾਂ ਵਿਚੋਂ ਕੌਣ ਬੇਗਾਨਾ ਹੈ-ਮੇਰੇ ਮਨ ਵਿਚ ਇਹ ਖਿਆਲ ਕਿਉਂ ਆ ਰਹੇ ਹਨ। ਸ਼ਹਿਰ ਇਸ ਬਰਸਾਤ ਨਾਲ ਇਕਮਿਕ ਕਿਉਂ ਨਹੀਂ ਹੋ ਰਿਹਾ। ਮੈਂ ਕਮਰੇ ਤੋਂ ਬਾਹਰ ਖਿੜਕੀ ਵਿਚ ਝਾਕਦਾ ਹਾਂ-ਸੜਕਾਂ ਉੱਤੇ ਪਰਛਾਵਿਆਂ ਵਾਂਗ ਦੌੜ ਰਹੀ ਹੈ ਜ਼ਿੰਦਗੀ-ਗੁਲਮੋਹਰ ਅਤੇ ਅਮਲਤਾਸ ਦੇ ਰੁੱਖ ਨਜ਼ਰਾਂ ਨੀਵੀਆਂ ਕਰੀ ਖੜੇ ਹਨ... ਮੈਂ ਰੁੱਖਾਂ ਵਿਚੋਂ ਝਰਦੀ ਕਵਿਤਾ ਪਕੜਣਾ ਚਾਹੁੰਦਾ ਹਾਂ। ਸੜਕ ਉਤੇ ਪੱਤੀਆਂ ਵਾਂਗ ਵਿਛੇ ਸ਼ਬਦਾਂ ਨੂੰ ਬੁਹਾਰਨਾ ਚਾਹੁੰਦਾ ਹਾਂ... ਦਿੱਲੀ ਦੇ ਦੁੱਖਾਂ ਵਿਚ ਜਿਉਂਦੀ ਕਵਿਤਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੇਰੇ ਪ੍ਰਤੀ ਮੇਰੀ ਸ਼ਰਧਾ ਅਜੇ ਮਰੀ ਨਹੀਂ ਹੈ...ਬਰਸਾਤ ਅਜੇ ਵੀ ਮੈਨੂੰ ਦੇਂਦੀ ਹੈ ਸੁਖ ਭਰੇ ਪਲਾਂ ਦੀ ਆਮਦ। ਮੇਰੇ ਅੰਦਰੋਂ ਜਗਾਉਂਦੀ ਹੈ-ਤੇਰੀ ਸੰਵੇਦਨਾ ਨੂੰ...ਕਿ ਸਰਸ਼ਾਰ ਕਰ ਰਹੀ ਹੈ ਮੈਨੂੰ। ਅਚਾਨਕ ਯਾਦ ਆਉਂਦਾ ਹੈ ਵਕਤ। ਦਫ਼ਤਰ ਜਾਣ ਲਈ ਫਟਾਫਟ ਤਿਆਰ ਹੁੰਦਾ ਹਾਂ-ਕਮਰੇ ਚੋਂ ਬਾਹਰ ਆਉਂਦਾ ਹਾਂ। ਕਾਹਲੇ ਕਦਮੀਂ ਦੌੜਦਾ ਹਾਂ ਤਾਂ ਲੱਗਦਾ ਹੈ ਥੰਮ ਕਿਉਂ ਨਹੀਂ ਜਾਂਦੀ ਇਹ ਬਰਸਾਤ। ਭਿਜੇ ਕਪੜਿਆਂ ਨਾਲ ਦਫ਼ਤਰ ਕਿਵੇਂ ਜਾਵਾਂਗਾਂ...ਭਿੱਜੀ ਹੋਈ ਸਵੇਰ ਭਿੱਜੀ ਹੋਈ ਬਿੱਲੀ ਵਾਂਗ ਲੁਕਣ ਲਈ ਜਗ੍ਹਾ ਲੱਭ ਰਹੀ ਹੈ। ਤੇ ਮੈਂ ਬਿੱਲੀ ਬਣਿਆ ਦਫ਼ਤਰ ਨੂੰ ਅਹੁਲਿਆ ਜਾ ਰਿਹਾ ਹਾਂ।



Namdhari Elibrary NamdhariElibrary@gmail.com

# ਸੰਤੋਖ ਸਿੰਘ ਸ.ਫ਼ਰੀ

*—ਇੰਦਰਜੀਤ ਹਸਨਪੁਰੀ*

ਸੰਤੋਖ ਸਿੰਘ ਸਫ਼ਰੀ ਮੇਰਾ ਪ੍ਰਮ ਮਿੱਤਰ, ਐਪਰ-ਲਾ-ਜਵਾਬ, ਅਹਿਬਾਬ ਸਫ਼ਰੀ।
ਖੁਸ਼ਬੂ ਦਾਰ ਇਹ ਚੇਤਰ ਦੀ ਰੁੱਤ ਵਰਗਾ, ਸੋਹਣਾ ਗ਼ੈਰਤ ਦਾ ਸੂਹਾ ਗੁਲਾਬ ਸਫ਼ਰੀ
ਸਿਫ਼ਤ ਕਰਾਂ ਕਿ ਏਸ ਮਲੰਗ ਦੀ ਮੈਂ, ਫੰਨਕਾਰ ਹੈ ਲਾ-ਜਵਾਬ ਸਫ਼ਰੀ
ਵਜਦ ਵਿਚ ਆ ਕੇ ਜਦੋਂ ਬੋਲਦਾ ਏ, ਲਗਦਾ ਪੂਰੇ ਦਾ ਪੂਰਾ ਪੰਜਾਬ ਸਫ਼ਰੀ

ਮੇਲਾ ਵਡੇ ਤੋਂ ਵਡਾ ਇਲ ਲੁਟ ਲੈਂਦੇ, ਹਰ ਪੱਖ ਵਲੋਂ ਕਾਮਯਾਬ ਸਫ਼ਰੀ
ਮਹਿੰਗੇ ਕਾੜ੍ਹੀਏ ਏਸ ਦੇ ਫਿਰਨ ਪਿੱਛੇ, ਐਸਾ ਰਖਦੈ ਸ਼ੌਖ ਸ਼ਬਾਬ ਸਫ਼ਰੀ
ਮਾਂ ਬੋਲੀ ਦੇ ਤਾਜ ਵਿਚ ਲਾਣ ਬਦਲੇ, ਲੱਭ ਲੈਂਦਾ ਏ ਮੋਤੀ ਨਾਯਾਬ, ਸਫ਼ਰੀ
ਇਹਦੇ ਬੈਂਤਾਂ ਦਾ ਕੀ ਹਿਸਾਬ ਦੱਸਾਂ, ਐਸ ਵੇਲੇ ਹੈ ਬੈਂਤਾਂ ਦਾ ਬਾਬ ਸਫ਼ਰੀ

ਇਹਦੇ ਸ਼ੇਅਰ ਸਾਊਰ ਦੇ ਸੋਖ ਤਾਰੇ ਐਪਰ ਆਪ ਹੈ ਖੁਲੀ ਕਿਤਾਬ ਸਫ਼ਰੀ।
ਇਹਦੀ ਪੱਗ ਦਾ ਤੁਰਾ ਜਦ ਝੂਲਦਾ ਏ, ਫਿਰ ਲਖਨਊ ਦਾ ਲਗੇ ਨਵਾਬ ਸਫ਼ਰੀ
ਮਿੱਤਰਤਾਈ ਦੀ ਸੀਮਾ ਵਧਾਉਣ ਬਦਲੇ ਰਹਿੰਦਾ ਸ਼ੌਕ ਦੇ ਨਾਲ ਬੇਤਾਬ ਸਫ਼ਰੀ
ਇਹਦੀ ਕਾਮਯਾਬੀ ਮੂੰਹੋਂ ਬੋਲਦੀ ਏ, ਕੀਤਾ ਕੋਈ ਜ਼ਰੂਰ ਸੁਆਬ ਸਫ਼ਰੀ

ਕਹਿੰਦੀ ਭੈਰਵੀ ਵੇਖ ਕੇ ਪੇਸ਼ਕਾਰੀ, ਵਾਹ ਜਨਾਬ ਸਫ਼ਰੀ, ਵਾਹ ਜਨਾਬ ਸਫ਼ਰੀ
ਹਰ ਗੱਲ ਹਿਸਾਬ ਦੇ ਨਾਲ ਹੋਂਦੀ, ਇਹ ਵੀ ਜਾਣਦੈ ਖੂਬ ਹਿਸਾਬ ਸਫ਼ਰੀ
ਇਹਦਾ ਹੁਨਰ ਹਨੇਰਾ ਨਹੀਂ ਰਹਿਣ ਦੇਂਦਾ, ਏਨੇ ਚਾਈ ਫਿਰਦਾ ਆਫ਼ਤਾਬ ਸਫ਼ਰੀ
ਹਸਨਪੁਰੀ ਵੰਗਾਰ ਕੇ ਸੱਚ ਕਹਿੰਦੈ, ਵਾਹ ਜਨਾਬ ਸਫ਼ਰੀ, ਵਾਹ ਜਨਾਬ ਸਫ਼ਰੀ

# ਮਾਂ ਬੋਲੀ ਪੰਜਾਬੀ

*—ਸੰਤੋਖ ਸਿੰਘ ਸ.ਫ਼ਰੀ*

ਹੁੰਦੀ ਅਸਲ ਅੰਦਰ ਮਿਸ਼ਰੀ ਬਹੁਤ ਮਿੱਠੀ, ਮਿੱਠੀ ਏਸ ਤੋਂ ਮਹਿਕ ਗੁਲਾਬ ਦੀ-ਏ
ਇਸ ਤੋਂ ਮਿੱਠੀ, ਮੁਹਬਤ ਹੈ ਬਹੁਤ ਮਿੱਠੀ, ਦਸਦੀ ਇਕ ਇਕ ਲਹਿਰ ਚਨਾਬ ਦੀ-ਏ।
ਇਸ ਤੋਂ ਦੂਰੀ ਮਜ਼ਦੂਰੀ ਦੀ ਬਹੁਤ ਮਿੱਠੀ, ਮਿੱਠਤ ਏਸ ਤੋਂ ਵਧ ਸੁਆਬ ਦੀ-ਏ
ਇਹਨਾਂ ਸਭਨਾਂ ਤੋਂ ਮਿਠਾ ਹੈ ਸ਼ਹਿਦ ਸਫ਼ਰੀ, ਮਿਠੀ ਸ਼ਹਿਤ ਤੋਂ ਬੋਲੀ ਪੰਜਾਬ ਦੀ-ਏ।

ਇਹ ਬੋਲੀ ਹੈ ਐਸੀ ਸਿਰਮੌਰ ਬੋਲੀ, ਸ਼ੱਕਰ ਸ਼ਬਦਾਂ ਦੀ ਜਦੋਂ ਇਹ ਘੋਲਦੀ ਏ
ਓਦੋਂ ਤਾਰ ਮਰਦਾਨੇ ਦੇ ਸਾਜ਼ ਵਾਲੀ, ਬਸ ਵਾਹਿਗੁਰੂ, ਵਾਹਿਗੁਰੂ ਬੋਲਦੀ ਏ।
ਇਹ ਨਹੀਂ ਕਿਸੇ ਦੀ ਕਦੇ ਵੰਗਾਰ ਸਹਿੰਦੀ, ਲੱਖਾਂ ਹੈਂਕੜਾਂ ਪੈਰਾਂ ਵਿਚ ਰੋਲਦੀ ਏ
ਜਾਦੂ ਵਾਂਗਰਾਂ ਜੋਸ਼ ਵਿੱਚ ਜਦੋਂ ਔਂਦੀ, ਓਦੋਂ ਸਿਰ ਲੱਥੇ ਗਭਰੂ ਟੋਲਦੀ ਏ
ਇਹਦੇ ਸ਼ਬਦ ਸੁਣਕੇ ਗੀਠੇਂ ਹੋਏ ਮਿੱਠੇ, ਐਸੀ ਮਿੱਠਤ ਹੈ ਇਹਦੇ ਪਿਆਰ ਅੰਦਰ
ਮੇਰੀ ਮਾਂ ਪੰਜਾਬੀ ਦੇ ਜੇਹੀ ਸਫ਼ਰੀ, ਕੋਈ ਬੋਲੀ ਨਹੀਂ ਹੋਰ ਸੰਸਾਰ ਅੰਦਰ



Namdhari Elibrary NamdhariElibrary@gmail.com

# ਮੌਤ ਮੇਰੇ ਇਸ਼ਕ ਤੋਂ ਹੈਰਾਨ ਹੈ

—*ਸੰਤੋਖ ਸਿੰਘ ਸਫ਼ਰੀ*

ਜਿਸਮ ਮੇਰੇ ਵਿਚ ਜਿਹੜੀ ਜਾਨ ਹੈ
ਇਹ ਮੇਰੇ ਪੰਜਾਬ ਦੀ ਪਹਿਚਾਨ ਹੈ।

ਮੌਤ ਮੇਰੇ ਇਸ਼ਕ ਤੋਂ ਹੈਰਾਨ ਹੈ,
ਕਿਸ ਤਰ੍ਹਾਂ ਦੀ ਏਸ ਦੇ ਵਿਚ ਜਾਨ ਹੈ।

ਮਾਨ ਮੇਰਾ ਕਤਲ ਗਾਹਾਂ ਕਰਦੀਆਂ,
ਏਸ ਤੋਂ ਵਧ ਹੋਰ ਕਿਹੜਾ ਮਾਨ ਹੈ।

ਪੁੱਛ ਨਾ ਮਜ਼ਮੂਨ ਮੇਰੇ ਖ਼ੂਨ ਦਾ
ਖ਼ੂਨ ਮੇਰੇ ਦੀ ਨਿਰਾਲੀ ਸ਼ਾਨ ਹੈ।

ਸਿਰ ਮੇਰਾ ਪੰਜਾਬ ਦਾ ਇਤਹਾਸ ਹੈ,
ਸ਼ਾਨ ਮੇਰੀ, ਤਾਂ...ਹੀ ਆਲੀਸ਼ਾਨ ਹੈ।

ਮੈਂ ਜਦੋਂ ਬੋਲੀ ਪੰਜਾਬੀ ਬੋਲਦਾਂ,
ਖ਼ੁਦ-ਬ-ਖ਼ੁਦ, ਹੋਂਦੀ ਮੇਰੀ ਪਹਿਚਾਨ ਹੈ।

ਕੀ ਕਹਾਂ ਪੰਜਾਬ ਦੀ ਸ਼ਬਦਾਵਲੀ,
ਏਸ ਦਾ ਹਰ ਸ਼ਬਦ ਹੀ ਬਲਵਾਨ ਹੈ।

ਉਹ ਕਿਵੇਂ ਈਮਾਨ ਪੁੱਛੇ ਕਿਸੇ ਦਾ,
ਆਦਮੀ ਜੋ ਆਪ ਬੇ-ਈਮਾਨ ਹੈ।

ਦੋਸਤੀ ਤੇ ਸਿਰ ਸਮੁੱਚਾ ਮੰਗਦੀ,
ਕੌਣ ਕਹਿੰਦੈ ਦੋਸਤੀ ਆਸਾਨ ਹੈ।

ਆਖ ਦੇ ਉਸ ਬੇ-ਵਫ਼ਾ ਨੂੰ ਆਖ ਦੇ,
ਪੰਜ,ਆਬੀ-ਮਾਂ ਮੇਰੀ ਪਹਿਚਾਨ ਹੈ।

ਜਾਨ ਮੇਰੀ ਨੂੰ ਪਰਾਈ ਜਾਣ ਨਾ
ਜਾਨ, ਮੇਰੀ ਜਾਨ! ਤੇਰੀ ਜਾਨ ਹੈ।

ਕਤਲਗਾਹਾਂ ਵਿੱਚ ਉਹ ਧੌਣ ਉੱਚੀ ਰੱਖਦੇ
ਇਸ਼ਕ ਸਫ਼ਰੀ ਜਿਨ੍ਹਾਂ ਦਾ ਬਲਵਾਨ ਹੈ।



Namdhari Elibrary NamdhariElibrary@gmail.com

# ਸਾਡਾ ਵਿਰਸਾ ਤੇ ਵਰਤਮਾਨ-ਅਮਰ ਭਾਰਤੀ

(ਅਮਰ ਭਾਰਤੀ ਨਮਿਤ ਸਮਾਗਮ ਦਿਲੀ ੨੭ ਅਪਰੈਲ ਸਮੇਂ)

*—ਸੁਵਰਨ ਸਿੰਘ ਵਿਰਕ*

ਜੇ ਅਮਰ ਭਾਰਤੀ ਨੂੰ ਉਸ ਦੇ ਨਾਂ ਦੇ ਅਨੁਰੂਪ ਭਾਰਤੀ ਸਾਹਿਤ ਚਿੰਤਨ ਨਾਲ ਜੋੜ ਕੇ ਵੀ ਯਾਦ ਕਰ ਸੱਕਦੇ ਹਾਂ। ਜੇ ਉਸ ਨੂੰ ਬੰਗਾਲੀ ਕਲਾਸਿਕਸ ਦੀਆਂ ਦਸ ਪੁਸਤਕਾਂ ਅਤੇ ਇਕ ਆਸਾਮੀ ਕਾਵਿ ਪੁਸਤਕ ਦੇ ਪੰਜਾਬੀ ਪਾਠਕਾਂ ਨੂੰ ਸਿੱਧੇ ਦਰਸ਼ਨ ਕਰਵਾਉਣ ਲਈ ਇਕ ਸਫਲ ਅਨੁਵਾਦਕ ਵਜੋਂ ਵੀ ਚੇਤੇ ਕਰੀਏ ਤਾਂ ਛੋਟੀ ਗੱਲ ਨਹੀਂ। ਬੰਗਾਲੀ ਤੇ ਪੰਜਾਬੀ ਸਾਹਿਤ ਸਭਿਆਚਾਰ ਨੂੰ ਜੋੜਨ ਵਾਲਾ ਉਹ ਇਕ ਪੁਲ ਵੀ ਸੀ। ਪੰਜਾਬੀ ਵਿਚ ਉਹਨਾਂ ਦੇ ਸਫਰਨਾਮੇ, ਜਿਹਨਾਂ ਦੁਆਰਾ ਉਹ ਦੇਸ਼ ਘੁੰਮਿਆ ਅਤੇ ਦੁਰਗਮ ਪਹਾੜੀ ਘਾਟੀਆਂ ਗਾਹੁੰਦੇ ਨਜ਼ਰ ਆਉਂਦੇ ਹਨ ਉਹਨਾਂ ਨੂੰ ਇਕ ਪ੍ਰਬੁੱਧ ਵਾਰਤਕ ਲੇਖਕ ਵਜੋਂ ਪੇਸ਼ ਕਰਦੇ ਹਨ। ਅਤੇ ਨਾਮਧਾਰੀ ਜਗਤ ਵਿਚ ਉਹਨਾਂ ਦਾ ਸਥਾਨ ਇਕ ਉੱਘੇ ਬਹੁਪਾਸਾਰੇ ਸਾਹਿਤਕਾਰ, ਪੱਤਰਕਾਰ ਅਤੇ ਅਧਿਆਤਮ ਚਿੰਤਕ ਦਾ ਰਿਹਾ ਹੈ। "ਛੋਟੀ ਸੀ ਇਸ ਜ਼ਿੰਦਗੀ ਮੇਂ ਜੀ ਲੀ ਹੈਂ ਜ਼ਿੰਦਗੀਆਂ ਅਨਗਿਨਤ" ਹਿੰਦੀ ਕਵੀ ਦਾ ਇਹ ਕਥਨ ਉਹਨਾਂ ਤੇ ਢੁੱਕਦਾ ਹੈ।

ਭਾਰਤੀ ਜੀ ਨੂੰ ਜੇ ਨਾਮਧਾਰੀ ਲੇਖਕਾਂ ਦੀ ਪੀੜ੍ਹੀ ਵਿਚ ਰੱਖ ਕੇ ਮੁਲੰਕਣ ਕੀਤਾ ਜਾਵੇ ਤਾਂ ਉਹਨਾਂ ਦਾ ਸਥਾਨ ਤੀਜੀ ਪੀੜ੍ਹੀ ਦੇ ਨਾਮਧਾਰੀ ਕਲਮਕਾਰਾਂ ਵਿਚ ਨਿਸ਼ਚਿਤ ਹੁੰਦਾ ਹੈ। ਪਹਿਲੀ ਪੀੜ੍ਹੀ ਭਾਈ ਸੰਤੋਖ ਸਿੰਘ ਫਰੰਦੋਵਾਲ ਅਤੇ ਨਿਧਾਨ ਸਿੰਘ ਕਾਦਰਾਬਾਦੀ ਜੀ ਦੀ ਸੀ। ਦੂਜੀ ਪੀੜ੍ਹੀ ਆਜ਼ਾਦ-ਹਿੰਦੁਸਤਾਨੀ ਸੋਚ ਵਾਲੀ, ਜਿਸ ਵਿਚ ਨਾਵਲਕਾਰ ਸੰਤ ਤਰਨ ਸਿੰਘ ਵਹਿਮੀ ਅਤੇ ਮਾਸਟਰ ਨਿਧਾਨ ਸਿੰਘ ਜੀ ਆਲਿਮ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਲਾਇਲਪੁਰੀ-[illegible] ਜੋੜੀ। ਅਤੇ ਤੀਜੀ ਪੀੜ੍ਹੀ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਆਦਿ ਤੋਂ ਸ਼ੁਰੂ ਹੁੰਦੀ ਹੈ। ਜਿਸ ਦੇ ਵਿਸ਼ੇਸ਼ ਹਸਤਾਖਰ ਭਾਰਤੀ ਜੀ ਸਨ। ਨਾਮਧਾਰੀ ਲੇਖਕਾਂ ਦੀ ਚੌਥੀ ਪੀੜ੍ਹੀ ਇਸ ਸਮੇਂ ਆਪਣੀ ਵਾਰੀ ਲੈ ਰਹੀ ਹੈ, ਅਤੇ ਕੁਝ ਚਿੰਤਕਾਂ ਦੀ ਇਹ ਪਰੇਸ਼ਾਨੀ ਹੈ ਕਿ ਇਕ ਅੱਧ ਨਾਮ ਛੱਡ ਕੇ, ਪੰਜਵੀਂ ਪੀੜ੍ਹੀ ਦੇ ਲੇਖਕਾਂ ਦੀ ਅਜੇ ਨਿਸ਼ਾਨਦੇਹੀ ਨਹੀਂ ਹੋ ਰਹੀ। ਅਮਰ ਭਾਰਤੀ ਦੇ ਵਿਰਸੇ ਨੂੰ ਸੰਭਾਲ ਕੇ, ਅਸੀਂ ਪੰਜਵੀਂ ਪੀੜ੍ਹੀ ਦਾ ਮੁੱਢ ਬੰਨ੍ਹਣ ਦਾ ਉਪਰਾਲਾ ਕਰ ਸਕਦੇ ਹਾਂ। ਜਿਸ ਦੀ ਅੱਜ, ਜਿੰਨੀ ਵੀ ਪਹਿਲੇ ਸਮੇਂ ਨਾਲੋਂ, ਵਧੇਰੇ ਲੋੜ ਹੈ। ਕਿਉਂ ਜੁ ਇਕ ਤੋਂ ਦੂਜੀ ਪੀੜ੍ਹੀ ਦੇ ਲੇਖਕ, ਨਾ ਸਿਰਫ ਉਤਸ਼ਾਹਿਤ ਹੁੰਦੇ ਸਨ, ਸਗੋਂ ਉਹਨਾਂ ਦਾ ਪ੍ਰਭਾਵ ਵੀ ਕਬੂਲਦੇ ਸਨ।

ਭਾਰਤੀ ਜੀ ਦੇ ਵਡਿੱਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਲੋਪੋਕੇ ਪਿੰਡ ਨਾਲ ਸਬੰਧਤ ਸਨ। ਕੌਮੀ ਮੁਕਤੀ ਸੰਗਰਾਮ ਵਿਚ ਇਸ ਪਿੰਡ ਦਾ ਬੜਾ ਉੱਚਾ ਮੁਕਾਮ ਹੈ। ਕੂਕਾ ਲਹਿਰ ਵਿਚ ਅੰਮ੍ਰਿਤਸਰ ਬੁੱਚੜ-ਘੱਪ ਸਾਕੇ ਵਿਚ ਤਾ ਉਮਰ ਮਫਰੂਰੀ ਦੀ ਹਾਲਤ ਵਿਚ ਵਿਚਰਨ ਵਾਲਾ ਭਾਈ ਮਿਹਰ ਸਿੰਘ ਉਰਫ ਸੰਤਾ ਸਿੰਘ, ਗ਼ਦਰ ਲਹਿਰ ਦਾ ਸ਼ਹੀਦ ਭਾਈ ਮੇਵਾ ਸਿੰਘ ਅਤੇ ਪੰਜਾਬ ਵਿਚ ਕਾਂਗਰਸ ਅੰਦੋਲਨ ਅਤੇ ਨਾਮਧਾਰੀ ਦਰਬਾਰ ਦਾ ਉੱਘਾ ਪਰਚਾਰਕ ਨਿਧਾਨ ਸਿੰਘ ਆਲਿਮ ਅਤੇ ਹੋਰ ਬਹੁਤ ਸਾਰੇ ਦੇਸ਼ ਭਗਤ ਇਸ ਪਿੰਡ ਨਾਲ ਸਬੰਧਿਤ ਸਨ। ਭਾਰਤੀ ਜੀ ਦਾ ਵੱਡਾ ਭਾਈ ਲੇਖਕ-ਪੱਤਰਕਾਰ ਸੰਤ ਮੰਗਲ ਸਿੰਘ 'ਲਾਇਲਪੁਰੀ' ਵੀ ਸੁਤੰਤਰਤਾ ਪ੍ਰਾਪਤੀ ਲਈ ਕਾਂਗਰਸ ਦਾ ਸਰਗਰਮ ਕਾਰਕੁੰਨ ਰਿਹਾ ਸੀ। ਇਉਂ ਬਰਤਾਨਵੀ ਸਾਮਰਾਜ ਦਾ ਵਿਰੋਧ ਭਾਰਤੀ ਨੂੰ ਆਪਣੇ ਵਿਰਸੇ ਵਿਚੋਂ ਪਰਾਪਤ ਹੋਇਆ।

ਜਿੱਥੋਂ ਤੱਕ ਸਾਹਿਤ-ਚੇਟਕ ਦਾ ਸੁਆਲ ਹੈ, ਉਸ ਲਈ ਵੀ ਭਾਰਤੀ ਦਾ ਇਹੋ ਚੌਗਿਰਦਾ ਜ਼ਿਮੇਵਾਰ ਹੈ ਕਿਉਂ ਜੁ ਪੰਜਾਬੀ-ਸੱਭਿਆਚਾਰ ਦਾ ਸਜੀਵ ਚਿਤੇਰਾ ਲਾਲਾ ਧਨੀ ਰਾਮ ਚਾਤ੍ਰਿਕ ਨਾ ਸਿਰਫ ਲੋਪੋਕੇ ਪਿੰਡ ਵਿਚ ਆਪਣਾ ਬਚਪਨ ਗੁਜ਼ਾਰ ਚੁੱਕਾ ਸੀ, ਜੋ ਉਸਦਾ ਪਿਉਕਾ ਨਗਰ ਸੀ, ਸਗੋਂ ਚਾਤ੍ਰਿਕ ਅਤੇ ਭਾਰਤੀ ਹੋਰਾਂ ਦੇ ਪਰਿਵਾਰਾਂ ਦੇ ਪੁਰਖੇ ਵੀ ਭਾਈ ਸਨ।

ਭਾਰਤੀ ਹੋਰਾਂ ਦੇ ਬਚਪਨ ਦਾ ਸਮਾਂ, "ਜੰਞ ਚੜ੍ਹ ਗਈ ਭਗਤ ਸਿੰਘ-ਛੈਲ ਦੀ", ਜਿਹੇ ਲੋਕ ਗੀਤਾਂ ਦੇ ਜਨਮ ਲੈਣ ਵਾਲਾ ਸਮਾਂ ਸੀ। ਸਗੋਂ ਉਹਨਾਂ ਜਵਾਨੀ ਜਿਹੀ ਮੌਤ-ਖੇਡ ਖੇਡਲੀ ਇਹ ਸਮਾਂ ਕੌਮੀ ਮੁਕਤੀ ਅੰਦੋਲਨ ਦੇ ਉਭਾਰ ਦਾ ਸਮਾਂ ਸੀ। ਮਜ਼ਦੂਰਾਂ ਕਿਸਾਨਾਂ ਲੇਖਕਾਂ ਦੀਆਂ ਜਥੇਬੰਦੀਆਂ ਕੌਮੀ ਪੱਧਰ ਤੇ ਬਨਣੀਆਂ ਸ਼ੁਰੂ ਹੋ ਗਈਆਂ ਸਨ। ਸਾਰੀ ਹੀ ਦੁਨੀਆਂ ਨੂੰ ਤਾਨਾਸ਼ਾਹਾਂ ਅਤੇ ਸਾਮਰਾਜੀਆਂ ਨੇ ਦੂਜੀ ਸੰਸਾਰ ਜੰਗ ਦੀ ਭੱਠੀ ਵਿਚ ਝੋਕ ਦਿੱਤਾ ਸੀ। ਫਿਰ ਭਾਰਤ ਛੱਡੋ ਅੰਦੋਲਨ ਤੋਂ ਮਗਰੋਂ, ਦੇਸ਼ ਦੀ ਆਜ਼ਾਦੀ ਜਾਂ ਬਟਵਾਰੇ ਤੱਕ ਪੁੱਜ ਗਈ। ਅਗਲਾ ਸਮਾਂ ਪੁਨਰਵਾਸ ਦੀਆਂ ਸਮੱਸਿਆਵਾਂ ਨਾਲ ਜੂਝਣ ਵਿਚ ਲੰਘ ਗਿਆ।



Namdhari Elibrary NamdhariElibrary@gmail.com

ਭਾਰਤੀ ਹੋਰਾਂ ਨੇ ਵੰਡ ਤੋਂ ਪਹਿਲਾਂ ਅੰਮ੍ਰਿਤਸਰ, ਲਾਇਲਪੁਰ ਦਾ ਪਿੰਡ ਗੰਗਾਸਿੰਘ ਵਾਲਾ ਵਿਖੇ, ਸਮਾਂ ਬਿਤਾਇਆ। ਅੰਮ੍ਰਿਤਸਰ ਨਿਵਾਸ ਸਮੇਂ ਉਹਨਾਂ ਦੇ ਮਕਾਨ ਵਿਚ ਹੀ ਲਾਸਾਨੀ ਫ਼ਲਾਸਫਰ ਕਰਤਾਰ ਸਿੰਘ ਆਪਣੀ ਪੁੱਤਰੀ ਗੀਤਾਬਾਲੀ, (ਪ੍ਰਸਿੱਧ ਫਿਲਮ ਅਭਿਨੇਤਰੀ ਬਾਦ ਵਿਚ ਬਣੀ) ਅਤੇ ਪਰਿਵਾਰ ਨਾਲ ਜੋ ਵਕਤ ਬਿਤਾਇਆ ਉਹ ਯੁਵਾ ਭਾਰਤੀ ਨੂੰ ਇਕ ਸਦੀਵੀ ਤਲਾਸ਼ ਵੀ ਸਉਂਪ ਗਿਆ ਅਤੇ ਅੱਖਰਾਂ ਦੀ ਜੋਤ ਵੀ ਉਹਨਾਂ ਦੇ ਮਨ ਮਸਤਕ ਵਿਚ ਜਗਮਗਾ ਉਠੀ। ਅਠ ਦਹਾਕਿਆਂ ਤੇ ਆਧਾਰਿਤ ਜੀਵਨ ਸਫਰ ਦਾ ਵਡੇਰਾ ਹਿਸਾ ਵੰਡ ਮਗਰੋਂ, ਉਹਨਾਂ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੀ ਬਿਤਾਇਆ।

ਲਾਇਲਪੁਰੀ-ਭਾਰਤੀ ਪਰਿਵਾਰ "ਅੱਖਰ ਦਾ ਭੇਵ" ਜਾਨਣ ਵਾਲਾ ਪਰਿਵਾਰ ਸੀ। ਉਹ ਜਿਸ ਨਾਮਧਾਰੀ ਭਾਈਚਾਰੇ ਨਾਲ ਸਬੰਧਿਤ ਸਨ, ਉਸਦੇ ਵਿਰਸੇ ਅਤੇ ਵਰਤਮਾਨ ਦੀਆਂ ਜਟਿਲ ਸਮੱਸਿਆਵਾਂ ਨੂੰ ਸੁਲਝਾ ਕਿ, ਇਕ ਰੌਸ਼ਨ ਭਵਿੱਖ ਸਿਰਜਣ ਦੀ ਤੀਬਰ ਲਾਲਸਾ ਨੇ, ਉਹਨਾਂ ਨੂੰ ਸਾਰੀ ਉਮਰ ਇਕ ਅਣਥੱਕ ਪਾਂਧੀ ਦਾ ਜੀਵਨ ਅਰਪਣ ਕਰੀ ਰੱਖਿਆ। ਜਿਸ ਲੁੱਟ ਖਸੁੱਟ ਰਹਿਤ ਸਮਤਾ ਮੂਲਕ ਸਮਾਜਿਕ-ਆਰਥਿਕ ਪ੍ਰਬੰਧ ਦੀ ਲੋਚਾ ਸੌ-ਸਾਖੀ ਦੇ ਬਚਨਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਵਿਚੋਂ ਝਲਕਦੀ ਹੈ, ਉਸਦੀ ਸੰਪੂਰਨਤਾ ਸੋਵੀਅਤ ਸਮਾਜਵਾਦੀ ਇਨਕਲਾਬ ਅਤੇ ਚੀਨ ਦੇ ਲੋਕ ਗਣ-ਰਾਜ ਦੇ ਕਾਇਮ ਹੋਣ ਬਾਦ ਫਲੀਭੂਤ ਹੁੰਦੀ ਨਜ਼ਰ ਆਈ। ਇਸ ਲਈ ਨਾਮਧਾਰੀ ਸਿਧਾਂਤਾਂ ਦੇ ਮੰਤਕੀ ਨਤੀਜੇ ਵਜੋਂ ਆਪਣੇ ਤੋਂ ਰਤਾ ਕੂ ਪਹਿਲੀ ਪੀੜ੍ਹੀ ਦੇ ਕਵੀ-ਪੰਛੀ ਹੋਰਾਂ ਜਿਉਂ ਭਾਰਤੀ ਜੀ ਵੀ ਦੇਸ਼ ਵਿਚ ਵਧ ਫੁੱਲ ਰਹੇ ਖੱਬੇ ਅੰਦੋਲਨ ਪ੍ਰਤੀ ਆਕਰਸ਼ਿਤ ਹੋਏ। ਭਾਵੇਂ ਸਰਗਰਮ ਖੱਬੀ ਸਿਆਸਤ ਵਿਚ ਉਹ ਬਹੁਤਾ ਸਮਾਂ ਨਾ ਚੱਲ ਸਕੇ ਪਰ ਇਸ ਵਿਚ ਉਹਨਾਂ ਦੇ ਨਿਸ਼ਚੇ ਦੀ ਅਡੋਲਤਾ ਅੰਤ ਸਮੇਂ ਤਕ ਬਣੀ ਰਹੀ। ਉਮਰ ਦੇ ਆਖਰੀ ਵਰ੍ਹਿਆਂ ਵਿਚ ਹਰਦੁਆਰ ਦੇ ਜਿਸ ਮ੍ਰਿਤਯੁੰਜਯ ਸਵਾਮੀ ਨਾਲ ਉਹਨਾਂ ਨੇ ਸਨੇਹਮਈ ਸੰਬੰਧ ਬਣਾਏ, ਉਸਦੀਆਂ ਦੋ ਗੱਲਾਂ ਤੋਂ ਭਾਰਤੀ ਜੀ ਪ੍ਰਭਾਵਿਤ ਹੋਏ ਜਾਪਦੇ ਹਨ। ਇਕ ਤਾਂ ਉਸਦੇ ਆਸ਼ਰਮ ਵਿਚ ਉਹਨਾਂ ਦੇ ਪੂਜਾ ਸਥਾਨ ਸਾਂਹਵੇਂ ਉਹਨਾਂ ਦੇ ਗੁਰੂ ਦੀ ਤਸਵੀਰ ਦੇ ਨਾਲ ਹੀ ਕਾਰਲ ਮਾਰਕਸ ਅਤੇ ਲੈਨਿਨ ਦੇ ਚਿੱਤਰ ਵੀ ਸੁਸ਼ੋਭਿਤ ਸਨ ਅਤੇ ਦੂਸਰਾ ਸਵਾਮੀ ਜੀ ਨੇ ਉਹਨਾਂ ਨੂੰ ਪਰੇਰ ਕੇ ਆਪਣੇ ਇਸ਼ਟ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਆਸਥਾ ਨੂੰ ਹੋਰ ਪਰਪੱਕ ਕਰਵਾਇਆ। "ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਧਿਆਤਮਕ ਸਾਧਨਾਂ ਤੇ ਭੌਤਿਕ ਵਿਗਿਆਨ ਕਿਸੇ ਨਾ ਕਿਸੇ ਥਾਂ ਜਾ ਕੇ ਇਕ ਹੋ ਜਾਂਦੇ ਹਨ।"

ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤ-ਲੜੀ ਦੁਆਰਾ, ਉਹਨਾਂ ਦੇ ਮਨ-ਮਸਤਕ ਦੇ ਹਨੇਰੇ ਕੋਨੇ ਰੌਸ਼ਨ ਹੋਣੇ ਸ਼ੁਰੂ ਹੋਏ। ਆਪਣੇ ਆਪ ਨੂੰ, ਨਾਵਲਕਾਰ ਨਾਨਕ ਸਿੰਘ ਦੇ ਪਾਤਰਾਂ ਨਾਲ, ਇਕ ਜੁੱਟ ਕਰਨ ਵਿਚ ਉਹਨਾਂ ਨੂੰ ਸਕੂਨ ਮਿਲਦਾ। ਪੰਜਾਬੀ ਵਿਚ ਅਨੁਵਾਦਿਤ ਵਿਕਟਰ ਹਿਊਗੋ, ਗੋਰਕੀ ਅਤੇ ਡਿਕਨਜ਼ ਨੂੰ ਪੜ੍ਹ ਕੇ ਵਿਸ਼ਵ ਸਾਹਿਤ ਦੀ ਜਾਣ ਪਛਾਣ ਹਾਸਲ ਕੀਤੀ। ਸ਼ਰਤ ਚੰਦਰ ਅਤੇ ਰਵਿੰਦਰ ਨਾਥ ਟੈਗੋਰ ਨੂੰ ਪੜ੍ਹਨਾ ਦਿੱਬ-ਦ੍ਰਿਸ਼ਟੀ ਮਿਲਣ ਵਰਗਾ ਸੀ। ਇਸੇ ਤੋਂ ਪ੍ਰੇਰਿਤ ਹੋ ਕੇ ਬੰਗਲਾ ਭਾਸ਼ਾ ਸਿੱਖੀ ਅਤੇ ਇਸ ਕੰਮ ਵਿਚ ਪ੍ਰਭਾਕਰ ਮਾਚਵੇ ਪ੍ਰਸਿੱਧ ਸਾਹਿਤਕਾਰ ਅਤੇ ਉੱਚ ਕੋਟੀ ਦੇ ਹਿੰਦੀ ਦੇ ਜਨ-ਕਵੀ ਬਾਬਾ ਨਾਗ ਅਰਜੁਨ ਦੀ ਮੱਦਦ ਲਈ। ਅਤੇ ਫਿਰ ਪ੍ਰਸਿੱਧ ਲੇਖਿਕਾ ਅੰਮ੍ਰਿਤਾ-ਪ੍ਰੀਤਮ ਵਲੋਂ ਮਿਲੇ ਸਾਥ ਅਤੇ ਸਨੇਹ-ਦਾਤ ਨੇ ਉਹਨਾਂ ਦੀਆਂ ਝੋਲੀਆਂ ਭਰ ਦਿੱਤੀਆਂ।

ਭਾਰਤੀ ਜੀ ਦੇ ਆਪਣੇ ਸ਼ਬਦਾਂ ਵਿਚ ਉਨ੍ਹਾਂ ਦੀ ਚਿੰਤਨ-ਯਾਤਰਾ ਨੂੰ ਇੰਜ ਬਿਆਨਿਆ ਗਿਆ ਹੈ-"ਜ਼ਿੰਦਗੀ ਦੇ ਇਸ ਪੜਾਅ ਉਪਰ ਪਹੁੰਚਦਿਆਂ ਪਹੁੰਚਦਿਆਂ ਬੜਾ ਕੁਝ ਵਾਪਰ ਚੁੱਕਾ ਸੀ। ਕਾਰਲ ਮਾਰਕਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਮਹਾਤਮਾ ਗਾਂਧੀ ਨੂੰ ਪੜਚੋਲਿਆ ਘੋਖਿਆ ਸੀ। ਕਮਿਊਨਿਸਟ ਪਾਰਟੀ ਦੀ ਕੁਲਵਕਤੀ ਕਾਰਕੁਨ ਦੇ ਰੂਪ ਵਿਚ ਸੇਵਾ ਕਰ ਚੁੱਕਾ ਸਾਂ। ਪਹਿਲਾਂ 'ਨਵਾਂ ਹਿੰਦੁਸਤਾਨ' ਸਪਤਾਹਿਕ ਤੇ ਫਿਰ ਰੋਜ਼ਾਨਾ 'ਨਵਾਂ ਹਿੰਦੁਸਤਾਨ' ਦਾ ਸੰਪਾਦਨ ਵੀ ਕਰ ਚੁੱਕਾ ਸਾਂ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸਨੇਹ-ਮਈ ਦ੍ਰਿਸ਼ਟੀ ਵਿਚ ਸਾਂ। ਆਪ ਦੀ ਸਹਾਇਤਾ ਤੇ ਮੁਹੱਬਤ ਮੈਨੂੰ ਉਪਲਬਧ ਸੀ। ਮਾਰਕਸ, ਗਾਂਧੀ, ਵਿਨੋਬਾ, ਰਵਿੰਦਰ ਨਾਥ ਟੈਗੋਰ ਤੇ ਸਤਿਗੁਰੂ ਰਾਮ ਸਿੰਘ ਮੇਰੇ ਚਿੰਤਨ ਦਾ ਕੇਂਦਰੀ ਬਿੰਦੂ ਸਨ। ਅਜਬ ਸੰਜੋਗ ਹੈ ਨਾ? ਪਰ ਇਹਨਾਂ ਦੇ ਚਿੰਤਨ ਨੇ ਹੀ ਮੈਨੂੰ ਮੇਰੀ ਨਵੀਂ ਪਛਾਣ ਕਰਵਾਈ।... ਪਰ ਮੈਂ ਆਪਣੇ ਸਾਹਮਣੇ ਆਪਣੀ ਇਸ ਪਛਾਣ ਨਾਲ ਜਿਉਂ ਕੇ ਹੀ ਆਪਣੀ ਸਾਰਥਕਤਾ ਸਮਝੀ ਹੈ।"

ਗੁਰੂਦੇਵ ਰਵਿੰਦਰ ਨਾਥ ਟੈਗੋਰ ਦੇ ਪਹਿਲੇ ਚਾਰ ਵਿਦਿਆਰਥੀਆਂ ਵਿਚੋਂ ਇਕ ਸ੍ਰੀ ਸੁਧੀ ਰੰਜਨ ਦਾਸ, ਜੋ ਪੰਜਾਬ ਹਾਈਕੋਰਟ ਅਤੇ ਭਾਰਤ ਦੀ ਸੁਪਰੀਮ ਕੋਰਟ ਦੇ ਵੀ ਚੀਫ ਜਸਟਿਸ ਰਹਿ ਚੁੱਕੇ ਸਨ 'ਸ਼ਾਂਤੀ ਨਿਕੇਤਨ' ਵਿਚ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣ ਕੇ ਜਦੋਂ ਗਏ, ਤਾਂ ਅਮਰ ਭਾਰਤੀ ਨੇ ਉਹਨਾਂ ਦੀ ਸੰਗਤ ਵਿਚ ਢਾਈ ਮਹੀਨੇ ਨਿੱਘ ਮਾਣਿਆ। ਸੁਆਮੀ ਵਿਵੇਕਾਨੰਦ, ਸ੍ਰੀ ਰਾਮ


Namdhari Elibrary NamdhariElibrary@gmail.com

ਕ੍ਰਿਸ਼ਨ ਪਰਮ ਹੰਸ, ਆਚਾਰੀਆ ਰਜਨੀਸ਼ ਅਤੇ ਅਰਵਿੰਦ ਘੋਸ਼ ਨੂੰ ਪੜ੍ਹਨ ਬਾਦ ਹੀ ਸੁਆਮੀ ਮ੍ਰਿਤਯੁੰਜਯ ਦੇ ਸੰਪਰਕ ਵਿਚ ਆਏ ਸਨ। ਇਉਂ ਅਸੀਂ ਕਹਿ ਸੱਕਦੇ ਹਾਂ ਕਿ ਗਿਆਨ ਦੇ ਸਾਗਰ ਵਿਚ ਡੂੰਘੀਆਂ ਤਾਰੀਆਂ ਲਾਉਣ ਸਦਕਾ ਹੀ ਭਾਰਤੀ ਜੀ ਚਿੰਤਨ ਵਿਚ ਪਰਪੱਕ ਹੋਏ। ਸਮਕਾਲੀ ਪ੍ਰਸਥਿਤੀਆਂ ਨਾਲ ਸੰਵਾਦ ਰਚਾ ਕੇ ਦੂਰਗਾਮੀ ਪਰਿਣਾਮ ਕੱਢਣੇ ਉਹਨਾਂ ਨੂੰ ਆਉਂਦੇ ਸਨ। ਇਸੇ ਲਈ 'ਨਵਾਂ ਹਿੰਦੁਸਤਾਨ' ਦੀ ਸੰਪਾਦਕੀ ਦੇ ਸਮੇਂ ਪੰਜਾਬ ਵਿਚ ਚੱਲੇ ਪੰਜਾਬੀ ਸੂਬਾ ਅੰਦੋਲਨ, ਅਤੇ ਇਸਦੇ ਵਿਰੋਧੀਆਂ ਵੱਲੋਂ, ਸਿੱਖ-ਹਿੰਦੂ ਫਿਰਕਾਪ੍ਰਸਤੀ ਨੂੰ ਜਿਸ ਕਦਰ ਹਵਾ ਦਿੱਤੀ ਗਈ ਸੀ, ਉਸਦੇ ਬਾਅਦ ਵਿਚ ਪੈਣ ਵਾਲੇ ਦੁਸ਼ਪਰਭਾਵਾਂ ਤੋਂ ਭਾਰਤੀ ਜੀ ਬੜਾ ਸੁਚੇਤ ਹੋ ਕੇ ਲਿਖਦੇ ਰਹੇ। ਉਹਨਾਂ ਨੂੰ ਅਕਾਲੀਆਂ ਵਾਲੇ ਧਰਮ-ਅਧਾਰਿਤ ਸੂਬੇ ਦੇ ਸੰਕਲਪ ਨੇ ਕਦੇ ਵੀ ਆਕਰਸ਼ਿਤ ਨਹੀਂ ਕੀਤਾ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਪਰਫੁੱਲਤਾ ਲਈ ਉੱਤਰੀ ਭਾਰਤ ਦੇ ਇਕ ਵਿਸ਼ਾਲ ਖਿੱਤੇ ਵਿਚੋਂ ਪੰਜਾਬੀ ਨੂੰ ਗੈਰ ਹਾਜ਼ਰ ਕਰਨ ਦੇ ਦੋਸ਼ ਤੋਂ ਸੌੜੀ ਸੋਚ ਵਾਲੇ ਰਾਜਨੇਤਾ ਬਰੀ ਨਹੀਂ ਹੋ ਸਕਦੇ। ਭਾਰਤੀ ਜੀ ਨੇ ਦਲੀਲ ਅਤੇ ਤਰਕ ਆਧਾਰਿਤ ਵਾਰਤਾਲਾਪ ਦੀ ਕੰਨੀ ਫੜੀ ਰੱਖੀ ਅਤੇ ਹਮੇਸ਼ਾ ਹੀ ਉਹ ਸੰਵਾਦ ਰਚਾਉਣ ਦੇ ਆਹਰ ਵਿਚ ਰਹਿੰਦੇ ਸਨ।

ਨਾਮਧਾਰੀ ਜਾਂ ਕੂਕਾ ਅੰਦੋਲਨ, ਜਿਸ ਦੀ ਸਥਾਪਨਾ ਦੀ ਡੇਢ ਸੌ ਸਾਲਾ ਵਰ੍ਹੇ-ਗੰਢ ਅੱਜ ਮਨਾਈ ਜਾ ਰਹੀ ਹੈ, ਅਜਿਹੇ ਸਮੇਂ ਇਸ ਅੰਦੋਲਨ ਨਾਲ ਜੁੜੀ, ਭਾਰਤੀ ਹੋਰਾਂ ਜਿਹੀ ਸਿਰਕੱਢ ਸ਼ਖਸੀਅਤ ਦੀ ਘਾਟ, ਬੜੀ ਰੜਕਦੀ ਹੈ। ਉਹਨਾਂ ਵਿਚ ਇਹ ਸਮਰੱਥਾ ਸੀ ਕਿ ਉਹ ਆਪਣੇ ਚਿੰਤਨ ਨੂੰ ਹਮੇਸ਼ਾ ਵਰਤਮਾਨ ਦੇ ਪਰਿਪੇਖ ਵਿਚ ਰੱਖ ਕੇ, ਇਸ ਦਾ ਪੁਨਰ ਮੁਲੰਕਨ ਕਰ ਕੇ ਇਸ ਨੂੰ ਨਵਿਆਉਣ ਦਾ ਕਾਰਜ ਵੀ ਸਫਲਤਾ ਪੂਰਵਕ ਨਿਭਾਇਆ ਕਰਦੇ ਸਨ। ਆਸਥਾ ਅਤੇ ਅਲੋਚਨਾ ਦੇ ਦਵੰਦ ਵਿਚੋਂ ਸਾਧਕ ਨੂੰ ਉਹ ਠੀਕ ਰਾਹੇ ਪਾਉਂਦੇ ਸਨ। ਇਸ ਸਭ ਲਈ ਉਹਨਾਂ ਦਾ ਅਥਾਹ ਗਿਆਨ ਅਤੇ ਘੁਮੱਕੜੀ ਵਾਲੀ ਜੀਵਨ ਸ਼ੈਲੀ ਬੜੀ ਕੰਮ ਆਈ। ਹਿੰਦੀ ਵਿਚ ਤਾਂ ਸਿਰਮੌਰ ਸਥਾਨ ਰਾਹੁਲ ਸੰਕ੍ਰਤਾਇਨ ਦਾ ਹੈ, ਪੰਜਾਬੀ ਵਿਚ ਦਵਿੰਦਰ ਸਤਿਆਰਥੀ ਤੋਂ ਬਾਅਦ ਇਹ ਜੀਵਨ ਸ਼ੈਲੀ ਆਪਦੇ ਹਿੱਸੇ ਆਈ, ਜਿਸਨੇ ਉਹਨਾਂ ਨੂੰ 'ਅਮਰੂ-ਨਿਥਾਵੇਂ' ਤੋਂ 'ਅਮਰ-ਭਾਰਤੀ' ਬਣਾ ਦਿੱਤਾ ਸੀ। ਉਹਨਾਂ ਦੇ ਪੈਰਾਂ ਨੇ ਕਿੰਨੇ ਥਲ, ਦਲ-ਦਲ ਗਾਹੇ, ਕਿੰਨੇ ਪ੍ਰਬਤਾਂ ਦੀਆਂ ਚੋਟੀਆਂ ਨੂੰ ਸਰ ਕੀਤਾ ਅਤੇ ਕਿੰਨੇ ਪਾਣੀਆਂ ਨਾਲ ਕਲੋਲ ਕੀਤਾ। ਆਪਣੇ ਅਵਚੇਤਨ ਦੇ ਹਵਾਲੇ ਨਾਲ ਉਹ ਕਹਿ ਸਕਦੇ ਸਨ ਕਿ ਪਰਬਤ ਉਹਨਾਂ ਨੂੰ ਹਮੇਸ਼ਾ ਹੀ ਵਾਜਾਂ ਮਾਰਦੇ ਰਹੇ, ਅਤੇ ਫਿਰ ਇਹੋ ਜਿਹੇ ਪਰਬਤਾਂ ਦੀ ਕਾਂਗੜਾ ਘਾਟੀ ਵਿਚ, ਰਹਿਣ ਲਈ ਪਿੰਡ ਅੰਦਰੇਟੇ ਜਿਹਾ, ਅਤੇ ਸੰਗਤ ਸੋਹਣੀ ਦੇ ਅਮਰ-ਚਿਤੇਰੇ ਸੋਭਾ ਸਿੰਘ ਆਰਟਿਸਟ ਦੀ ਮਿਲ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਹੋ ਜਾਂਦਾ ਹੈ। ਗ੍ਰਿਹਿਸਤ ਦੇ ਬੰਧਨ ਵਿਚ ਲੰਮਾ ਸਮਾਂ ਟਿਕ ਕੇ ਨਾ ਬੱਝ ਸੱਕਣਾ ਵੀ, ਮੈਂ ਸਮਝਦਾ ਹਾਂ ਕਿ ਭਾਰਤੀ ਜੀ ਲਈ ਕੁੱਖ ਨੂੰ ਲੱਤ ਰਾਸ ਆਈ ਵਾਂਗੂੰ ਹੀ ਨਿਬੜਿਆ। ਇਹਨਾਂ ਬੰਧਨਾਂ ਅਤੇ ਝਮੇਲਿਆਂ ਨੇ ਬਹੁਤ ਸਾਰੀਆਂ ਪ੍ਰਤਿਭਾਵਾਂ ਨੂੰ ਚੁੱਲ੍ਹੇ ਦੇ ਧੂੰਏਂ ਵਿਚ ਹੀ ਉਡਾ ਦਿੱਤਾ ਸੀ। ਪ੍ਰੰਤੂ ਭਾਰਤੀ ਜੀ ਆਪਣੇ ਪੂਰੇ ਜਲੌਅ ਵਿਚ ਸਾਡੇ ਸਾਹਮਣੇ ਆਪਣੀਆਂ ਤਿੰਨ ਉਤਕ੍ਰਿਸ਼ਟ ਕ੍ਰਿਤੀਆਂ ਵਿਚ ਹਾਜ਼ਰ ਹੁੰਦੇ ਹਨ "ਸਿੱਖ-ਇਤਿਹਾਸ ਅਤੇ ਕੂਕੇ - ਤੁਲਨਾਤਮਕ ਅਧਿਐਨ", "ਸਤਿਗੁਰੂ ਤਿਸਕਾ ਨਾਉ" ਅਤੇ "ਦਸਮ-ਗ੍ਰੰਥ ਵਿਚ ਕੁੰਡਲਨੀ ਤੱਤ"। ਵੈਸੇ ਉਹਨਾਂ ਦੀਆਂ ਦੋ ਵਾਰਤਕ ਪੁਸਤਕਾਂ "ਮੈਂ ਅਜੇ ਵਾਪਸ ਨਹੀਂ ਆਇਆ" ਅਤੇ "ਅਲਹ ਵਰਸਉ ਮੇਹੁ" ਵੀ ਗਿਆਨ ਭਰਪੂਰ, ਰੋਚਕ ਪਠਨ ਸਮੱਗਰੀ ਅਤੇ ਵਿਵਿਧ ਯਾਤਰਾਵਾਂ ਦੇ ਸਜੀਵ ਚਿਤਰਨ ਸਦਕਾ ਪਾਠਕ ਨੂੰ ਆਪਣੀ ਉਂਗਲੀ ਫੜਾਕੇ ਨਿਰਵਿਘਨ ਤੋਰੀ ਰੱਖਣ ਦੇ ਸਮਰੱਥ ਹਨ।

ਕੂਕਿਆਂ ਨੂੰ ਬੇਗਾਨਿਆਂ ਨਾਲੋਂ ਆਪਣਿਆਂ ਵਲੋਂ ਬਹੁਤੀ ਮਾਰ ਪਈ। 'ਸ਼ਿਬਲੀ ਦੇ ਇਹਨਾਂ ਫੁੱਲਾਂ' ਨੂੰ ਸਮਰਪਿਤ ਹੈ- ਸਿੱਖ ਇਤਿਹਾਸ ਅਤੇ ਕੂਕੇ। ਇਸ ਵਿਚ ਅਕੱਟ ਪਰਮਾਣਾਂ ਨਾਲ ਸਿਧ ਕੀਤਾ ਹੈ ਕਿ ਕਿਵੇਂ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਸਿੱਖ ਪੁਨਰ ਸੁਰਜੀਤੀ ਤੋਂ ਆਰੰਭ ਹੋਈ, ਇਸ ਲਹਿਰ ਨੇ ਲੋਕ ਲਹਿਰ ਦਾ ਰੂਪ ਧਾਰ ਕੇ, ਤਿੱਖਾ ਬਸਤੀਵਾਦ, ਸਾਮੰਤਵਾਦ ਅਤੇ ਕਾਬਜ ਪੁਰੋਹਿਤ ਸ਼੍ਰੇਣੀ ਵਿਰੋਧੀ ਮੋੜ ਕੱਟਿਆ ਅਤੇ ਕਿਵੇਂ ਸਿੱਖਾਂ ਦੀ ਪੁਰੋਹਿਤ ਸ਼੍ਰੇਣੀ, ਜੋ ਸਿੱਖ ਤਖਤਾਂ ਤੇ ਕਾਬਜ਼ ਸੀ, ਅੰਗਰੇਜ਼ ਦੀ ਕਠਪੁਤਲੀ ਬਣ ਕੇ ਇਹ ਸ਼ਬਦ ਪੜ੍ਹਦੀ ਰਹੀ—"ਜੁੱਗ ਜੁੱਗ ਰਾਜ ਸਵਾਇਆ ਟੋਪੀ ਵਾਲੇ ਦਾ" ਅਤੇ ਕਿਵੇਂ ਆਪਣੇ ਪਿੰਡੇ ਤੇ ਪਈਆਂ ਸਰਕਾਰੀ ਦਮਨ ਦੀਆਂ ਲਾਸ਼ਾਂ ਨੂੰ ਬਿਨਾਂ ਸਹਿਲਾਏ ਹੀ, ਕੂਕੇ ਬੁਲੰਦ ਸੁਰ ਵਿਚ ਗਾਉਂਦੇ ਰਹੇ "ਭੱਜੇ ਜਾਣ ਫਰੰਗੀ ਵੱਜੇ ਘੁੰਗਰੂ।" ਪੁਸਤਕ "ਸਤਿਗੁਰੂ ਤਿਸਕਾ ਨਾਉਂ" ਵਿਚ ਗੁਰਬਾਣੀ ਦੇ ਹਵਾਲਿਆਂ ਨਾਲ ਭਾਰਤੀ ਜੀ ਨੇ ਸੱਦ-ਜੀਵਤ ਸਤਿਗੁਰੂ ਦੇ ਸੰਕਲਪ ਦੀ ਸੰਪੂਰਨ ਵਿਆਖਿਆ ਕੀਤੀ। "ਦਸਮ ਗ੍ਰੰਥ ਵਿਚ ਕੁੰਡਲਨੀ ਤੱਤ" ਅਜੇਹੀ ਰਚਨਾ ਹੈ ਜਿਸ ਤੇ ਕਲਮ ਚਲਾਉਣ ਦਾ ਹਾਰੀ-ਸਾਰੀ ਸਾਹਸ ਨਹੀਂ ਕਰ ਸੱਕਦਾ। ਇਸ ਲਈ ਭਾਰਤੀ ਜੀ ਦਾ ਗੁਰਬਾਣੀ ਦਾ ਗਿਆਨ, ਭਾਰਤੀ ਪੌਰਾਣਿਕ ਸਾਹਿਤ ਦਾ



Namdhari Elibrary NamdhariElibrary@gmail.com

ਗੰਭੀਰ ਮੁਤਾਲਿਆ, ਵਿਸ਼ਵ ਸਾਹਿਤ ਵਿਚ ਡੂੰਘੀ ਪੈਂਠ, ਦੁਨੀਆਂ ਭਰ ਦੀ ਦਰਸ਼ਨ ਪਰੰਪਰਾ ਦਾ ਅਧਿਐਨ, ਤੰਤਰ ਵਿੱਦਿਆ ਬਾਰੇ ਯੋਗੀਆਂ ਸਾਧਕਾਂ ਦੀ ਸੰਗਤ ਤੋਂ ਹਾਸਲ ਗਿਆਨ ਅਤੇ ਇਤਿਹਾਸ ਦੀ ਭੌਤਿਕਵਾਦੀ ਵਿਆਖਿਆ ਅਤੇ ਦਵੰਦਵਾਦ ਦੇ ਨੇਮਾਂ ਤੋਂ ਜਾਣੂ ਹੋਣਾ ਵੀ ਸਾਰਥਕ ਸਿੱਧ ਹੋਇਆ। ਇਸ ਵਿਚ "ਖੰਡਾ" ਅਤੇ "ਜਪੁਜੀ ਦਾ ਸਾਧਨਾ ਖੰਡ" ਆਦਿ ਲੇਖ ਨਵੀਆਂ ਪੈੜਾਂ ਪਾਉਣ ਵਾਲੇ ਹੋ ਨਿੱਬੜੇ ਹਨ।

ਇਕ ਵਿਅਕਤੀ ਦੇ ਨਾਤੇ ਵੀ ਭਾਰਤੀ ਜੀ ਸਾਊ, ਵਿਨਿਮਰ, ਮਿੱਠ ਬੋਲੜੇ, ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਅਤੇ ਮੋਹਕ ਸ਼ਖਸੀਅਤ ਵਾਲੇ ਬਣਦੇ ਫੱਬਦੇ ਸੱਜਣ ਪੁਰਖ ਫ਼ਕੀਰਾਨਾ ਠਾਠ ਵਾਲੇ ਸਨ। ਜਿਹਨਾਂ ਦੀ ਸੰਗਤ ਵਿਚ ਬਹਿ ਕੇ ਕਦੇ ਕਿਸੇ ਨੇ ਛੋਟਾ ਨਹੀਂ ਮਹਿਸੂਸ ਕੀਤਾ ਸੀ ਅਤੇ ਇਹੋ ਵੱਡੇ ਆਦਮੀ ਦਾ ਪਹਿਲਾ ਗੁਣ ਹੁੰਦਾ ਹੈ। ਉਹ ਇੱਕੀਵੀਂ ਸਦੀ ਦੀਆਂ ਚੁਨੌਤੀਆਂ ਦੇ ਸਾਮਰਤੱਖ ਹੋਣ ਦੀਆਂ, ਨਾਮਧਾਰੀ ਸਮੁਦਾਇ ਦੀਆਂ ਸੰਭਾਵਨਾਵਾਂ ਦੀ ਸਦਾ ਤਲਾਸ਼ ਵਿਚ ਰਹਿੰਦੇ ਸਨ। ਪੁਨਰ ਵਿਆਖਿਆ ਅਤੇ ਮੁਲੰਕਣ ਦਾ ਉਹਨਾਂ ਦਾ ਛੋਹਿਆ ਕਾਰਜ ਬੜਾ ਵਡੇਰਾ ਸੀ। ਜੀਵਨ ਪ੍ਰਯੰਤ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਉਹਨਾਂ ਦੇ ਬਹੁਭਾਂਤੀ ਸਬੰਧ ਬਣੇ ਰਹੇ। ਭਾਰਤੀ ਜੀ ਸਤਿਗੁਰੂ ਜੀ ਨੂੰ ਵਿਸ਼ਵ ਕਲਿਆਣ ਵਿਚ ਰੁੱਝੇ ਵੇਖਦੇ ਹਨ ਅਤੇ ਸਤਿਗੁਰੂ ਜੀ ਬਾਰੇ ਭਾਰਤੀ ਜੀ ਦੀ ਟਿੱਪਣੀ ਨਾਲ ਹੀ ਅਸੀਂ ਇਹ ਚਰਚਾ ਸਮੇਟਣ ਦੀ ਖੁਸ਼ੀ ਲਵਾਂਗੇ–"ਮੇਰੇ ਅਤਿ ਉਦਾਸ ਛਿਨਾਂ ਵਿਚ, ਸਭ ਜ਼ਰੂਰੀ ਕੰਮ ਛੱਡ ਕੇ, ਮੇਰੇ ਕੋਲ ਆਣ ਕੇ ਆਪਣੇ ਸੰਗ ਸਾਥ ਦਾ ਯਕੀਨ ਦਿਵਾ ਜਾਣਾ। ਮੇਰੇ ਸਿਆਸੀ, ਸੱਭਿਆਚਾਰਕ ਤੇ ਸਮਾਜਕ ਦ੍ਰਿਸ਼ਟੀਕੋਣ, ਮੇਰੇ ਹੀ ਢੰਗ ਨਾਲ, ਮੇਰੇ ਵੱਲੋਂ ਲਿਖਣ ਨੂੰ ਪਰਵਾਨਗੀ ਦੇਣੀ ਤੇ ਮੇਰੇ ਆਤਮਵਿਸ਼ਵਾਸ ਨੂੰ ਆਪਣੇ ਸੰਗ ਸਾਥ ਨਾਲ ਹੋਰ ਪੱਕਿਆਂ ਕਰਨਾ। ਉਨ੍ਹਾਂ ਵੱਲੋਂ ਮਿਲਣ ਵਾਲੀ ਮੁਹੱਬਤ ਐਸੀ ਕਿ ਜਿਸਦੇ ਬਦਲੇ ਵਿਚ ਕੁਝ ਨਾ ਚਾਹੁਣਾ। ਮੇਰੀ ਆਪਣੀ ਹੀ ਸੋਚ ਕਾਰਨ ਮੇਰੇ ਵੱਲੋਂ ਉਨ੍ਹਾਂ ਤੋਂ ਦੂਰੀ ਬਣਾ ਲੈਣ ਤੇ ਵੀ ਉਨ੍ਹਾਂ ਵਲੋਂ ਮਿਲਦੇ ਪਿਆਰ ਵਿਚ ਫਰਕ ਨਾ ਆਉਣਾ ਤੇ ਸਦਾ ਸਨੇਹੀ ਬਣੇ ਰਹਿਣਾ। ਹਰ ਸਮੇਂ ਇਹੋ ਸੋਚਣਾ ਕਿ ਮੈਨੂੰ ਮੇਰੇ ਜੀਵਨ ਦੀ ਸਾਰਥਕਤਾ ਦਾ ਭਰਪੂਰ ਅਹਿਸਾਸ ਹੁੰਦਾ ਰਹੇ।"

*ਕਰੀਵਾਲਾ (ਸਿਰਸਾ)*
*੧੨੫੦੭੫*
*੦੧੬੬੯-੨੭੪੫੬੨*

## ਸ੍ਰੀ ਭੈਣੀ ਸਾਹਿਬ ਵਿਚ ਹੋਲੇ ਮਹੱਲੇ ਮੇਲੇ 'ਤੇ ਸ਼ਾਨਦਾਰ ਕਵੀ ਦਰਬਾਰ

ਸਾਲਾਨਾ ਨਾਮਧਾਰੀ ਹੋਲਾ ਮਹੱਲਾ ਦੇ ਮਹਾਨ ਸਮਾਗਮ ਸਮੇਂ ਮਿਤੀ ੨੨ ਮਾਰਚ ੨੦੦੮ ਸ਼ਾਮ ਨੂੰ ਇਕ ਮਹਾਨ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਸੂਬਾ ਬਲਵਿੰਦਰ ਸਿੰਘ ਝੱਲ ਦੇ ਮੰਚ ਸੰਚਾਲਨ ਅਤੇ ਵਿਓਂਤ ਬੰਦੀ ਵਿਚ ਹੋਏ ਇਸ ਕਵੀ ਦਰਬਾਰ ਵਿਚ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨਾਲ ਸੰਬਧਿਤ ਕਵੀਆਂ ਦੇ ਨਾਲ ਨਾਲ ਨਾਮਧਾਰੀ ਸੰਗਤ ਦੇ ਪ੍ਰਮੁੱਖ ਕਵੀਜਨਾਂ ਅਤੇ ਬੀਬੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹ ਕੇ ਜਾਂ ਗਾ ਕੇ ਸਮਾਂ ਬੰਨ ਦਿੱਤਾ। ਜਿਨਾਂ ਕਵੀਆਂ ਨੇ ਇਸ ਸਮੇਂ ਨੂੰ ਸੁਭਾਗਾ ਬਣਾਇਆ ਉਹਨਾਂ ਦੇ ਕਰਮਵਾਰ ਨਾਮ ਹਨ ਸ. ਗੁਰਮੁੱਖ ਸਿੰਘ ਰੱਤਨ ਦਿੱਲੀ, ਰਾਗੀ ਮਨਜੀਤ ਸਿੰਘ, ਬਲਦੇਵ ਸਿੰਘ ਵੜੈਚ, ਪੂਰਨ ਸਿੰਘ ਨਿਰਾਲਾ, ਕੁਲਦੀਪ ਸਿੰਘ ਦੀਪ, ਆਸਾ ਸਿੰਘ ਗੁਰਾਇਆ, ਹਰਭਜਨ ਸਿੰਘ ਰਾਜਾ, ਜਸਵਿੰਦਰ ਸਿੰਘ ਭਿੰਡਰ, ਜੁਗਿੰਦਰ ਸਿੰਘ ਮੁਕਤਾ, ਹਰਭਜਨ ਸਿੰਘ ਪਰਵਾਨਾ, ਮਾਸਟਰ ਅਮਰੀਕ ਸਿੰਘ, ਕਰਨੈਲ ਸਿੰਘ ਅਸਪਾਲ, ਗੁਰਮੀਤ ਕੌਰ ਮੀਤ ਦਿੱਲੀ, ਸਵਰਨ ਸਿੰਘ ਬਾਜਵਾ, ਜਗੀਰ ਕੌਰ ਸੰਧੂ, ਬਲਬੀਰ ਸਿੰਘ ਢਿਲੋਂ, ਬਲਵੰਤ ਸਿੰਘ ਦਸੂਹਾ, ਲਖਵਿੰਦਰ ਸਿੰਘ ਬਾਜਵਾ, ਬੀਬੀ ਨਵਨੀਤ ਕੌਰ ਦਿੱਲੀ, ਗੁਰਦਿਆਲ ਸਿੰਘ ਪ੍ਰੀਤ, ਸੂਬਾ ਬਲਵਿੰਦਰ ਸਿੰਘ, ਬੇਅੰਤ ਸਿੰਘ ਸੋਖਲ, ਸਾਧੂ ਸਿੰਘ ਕਿਸਾਨ ਅਤੇ ਬੀਬੀ ਗੁਰਪਾਲ ਕੌਰ। ਕਵੀ ਦਰਬਾਰ ਦੀ ਵਿਸ਼ੇਸ਼ ਸਿਫਤ ਸੀ ਕਿ ਕਵੀ ਸਜਨਾਂ ਨੇ ਥੋਹੜੇ ਸਮੇਂ ਵਿਚ ਹੀ ਆਪਣੀ ਰਚਨਾਵਾਂ ਨੂੰ ਪੂਰਾ ਕੀਤਾ। ਸੰਗਤ ਦੀ ਹਾਜ਼ਰੀ ਭਰਪੂਰ ਸੀ ਅਤੇ ਲਗਾਤਾਰ ਕਾਇਮ ਰਹੀ ਕੋਈ ਉੱਠ ਕੇ ਨਹੀਂ ਗਿਆ। ਕਵੀ ਦਰਬਾਰ ਤੋਂ ਸਾਧ ਸੰਗਤ, ਕਵੀ ਅਤੇ ਪ੍ਰਬੰਧਕ ਸਭ ਸੰਤੁਸ਼ਟ ਸਨ।

*— ਬਲਦੇਵ ਮਾਧੋਪੁਰੀ*

## ਮਾਤਾ ਚੰਦ ਕੌਰ ਜੀ ਦੇ ਛੋਟੇ ਭਾਈ ਸੰਤ ਗੁਰਦੇਵ ਸਿੰਘ ਨਮਿਤ ਸਮਾਗਮ

ਜਗਤ ਮਾਤਾ ਚੰਦ ਕੌਰ ਜੀ ਦੇ ਛੋਟੇ ਭਰਾਤਾ ਭਾਈ ਗੁਰਦੇਵ ਸਿੰਘ ਸਾਬਕਾ ਸਰਪੰਚ ਪਿੰਡ ਹਰੀਪੁਰਾ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨਮਿਤ ਪਾਠ ਦਾ ਭੋਗ ਪਿੰਡ ਜਗਜੀਤ ਨਗਰ (ਸਿਰਸਾ) ਵਿਖੇ ਪਾਇਆ ਗਿਆ। ਸ੍ਰੀ ਮਾਤਾ ਚੰਦ ਕੌਰ ਜੀ, ਸੰਤ ਉਦੈ ਸਿੰਘ ਜੀ ਉਚੇਚੇ ਤੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਪੁੱਜੇ। ਸ. ਸੁਵਰਨ ਸਿੰਘ ਵਿਰਕ ਨੇ ਪਿੰਡ ਬਾਜਾਖਾਨਾ ਦੇ ਇਤਿਹਾਸਕ ਪਿਛੋਕੜ ਅਤੇ ਮਾਤਾ ਜੀ ਦੇ ਪਿਤਾ ਸੰਤ ਸਰਵਨ ਸਿੰਘ ਦੇ ਪਰਿਵਾਰ ਦੀ ਨਾਮਧਾਰੀ ਸੰਸਾਰ ਵਿਚ ਭੂਮਿਕਾ ਦਾ ਜ਼ਿਕਰ ਕਰਦਿਆਂ, ਨਿਮਰ, ਸਾਊ ਮਿਠ ਬੋਲੜੇ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਸਜਣ ਸੰਤ ਗੁਰਦੇਵ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



Namdhari Elibrary NamdhariElibrary@gmail.com

# ਸਿੱਖ ਦੀ ਪਰਿਭਾਸ਼ਾ ਕੀ ਹੋਵੇ?

—ਡਾ. ਮਹੀਪ ਸਿੰਘ

ਇਸ ਵੇਲੇ ਇਕ ਨਵਾਂ ਵਿਵਾਦ ਸਾਡੇ ਸਾਹਮਣੇ ਹੈ। ਪੰਜਾਬ-ਹਰਿਆਣਾ ਹਾਈ ਕੋਰਟ ਦਾ ਫੈਸਲਾ ਹੈ ਕਿ ਸਿੱਖ ਪੰਜਾਬ ਵਿਚ ਘੱਟ ਗਿਣਤੀ ਨਹੀਂ ਹਨ, ਕਿਉਂਕਿ ੨੦੦੧ ਦੀ ਮਰਦਮਸ਼ੁਮਾਰੀ ਉਨ੍ਹਾਂ ਨੂੰ ਪੰਜਾਬ ਵਿਚ ਬਹੁਗਿਣਤੀ ਸਾਬਤ ਕਰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਹੈ। ਉਸ ਦੇ ਵਕੀਲ ਦੀ ਦਲੀਲ ਇਹ ਹੈ ਕਿ ਪੰਜਾਬ ਵਿਚ ਜਿਹੜੇ ਸਿੱਖ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਹਨ, ਉਨ੍ਹਾਂ ਦੀ ਗਿਣਤੀ ੫੪ ਲੱਖ ਤੋਂ ਕੁੱਝ ਘੱਟ ਹੈ। ਪੰਜਾਬ ਵਿਚ ਕੁਲ ਵੋਟਰਾਂ ਦੀ ਗਿਣਤੀ ੧ ਕਰੋੜ ੬੫ ਲੱਖ ਹੈ। ੫੪ ਲੱਖ ਦੀ ਗਿਣਤੀ ਵਾਲੇ ਸਿੱਖ ਵੋਟਰ ੫੦ ਫੀਸਦੀ ਤੋਂ ਘੱਟ ਹਨ, ਇਸ ਲਈ ਘੱਟ ਗਿਣਤੀ ਹਨ।

ਇਸ ਦੇਸ਼ ਵਿਚ ਬਹੁਗਿਣਤੀ ਅਤੇ ਘੱਟ ਗਿਣਤੀ ਧਰਮਾਂ ਦਾ ਨਿਰਣਾ ਰਾਸ਼ਟਰੀ ਪੱਧਰ 'ਤੇ ਹੁੰਦਾ ਹੈ ਅਤੇ ਸੂਬਾਈ ਪੱਧਰ 'ਤੇ ਵੀ। ਰਾਸ਼ਟਰੀ ਪੱਧਰ 'ਤੇ ਮੁਸਲਮਾਨ, ਈਸਾਈ, ਸਿੱਖ, ਬੋਧੀ ਅਤੇ ਪਾਰਸੀ ਘੱਟ ਗਿਣਤੀ ਧਾਰਮਿਕ ਸਮੂਹ ਹਨ ਪਰ ਸੂਬਾਈ ਪੱਧਰ 'ਤੇ ਜੰਮੂ-ਕਸ਼ਮੀਰ, ਪੰਜਾਬ, ਨਾਗਾਲੈਂਡ ਅਤੇ ਮਿਜ਼ੋਰਮ ਵਿਚ ਹਿੰਦੂ ਘੱਟ ਗਿਣਤੀ ਹਨ।

ਕੌਣ ਸਿੱਖ ਹੈ ਅਤੇ ਕੌਣ ਸਿੱਖ ਨਹੀਂ ਹੈ, ੧੯੨੫ ਦਾ ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ ਕਦੀ ਇਹ ਸਵਾਲ ਨਹੀਂ ਉਠਿਆ ਸੀ। ਇਸ ਐਕਟ ਰਾਹੀਂ ਹਰ ਬਾਲਗ ਸਿੱਖ ਨੂੰ ਇਹ ਹੱਕ ਮਿਲ ਗਿਆ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਲਈ ਵੋਟਰ ਬਣ ਸਕਦਾ ਹੈ। ਵੋਟਰ ਬਣਨ ਵਾਲੇ ਸਿੱਖ ਦੀ ਪਰਿਭਾਸ਼ਾ ਵੀ ਕੀਤੀ ਗਈ। ਉਸ ਨੂੰ ਸਰਕਾਰ ਵੱਲੋਂ ਬਣਾਏ ਇਕ ਫਾਰਮ ਵਿਚ ਇਹ ਘੋਸ਼ਣਾ ਕਰਨੀ ਜ਼ਰੂਰੀ ਸੀ... 'ਮੈਂ ਪੂਰੀ ਤਰ੍ਹਾਂ ਤਸਦੀਕ ਕਰਦਾ ਹਾਂ ਕਿ ਮੈਂ ਇਕ ਸਿੱਖ ਹਾਂ, ਕਿ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹਾਂ, ਕਿ ਮੈਂ ਦਸ ਗੁਰੂਆਂ ਵਿਚ ਵਿਸ਼ਵਾਸ ਕਰਦਾ ਹਾਂ ਅਤੇ ਮੇਰਾ ਕੋਈ ਹੋਰ ਧਰਮ ਨਹੀਂ ਹੈ।'

ਇਹ ਸਿੱਖ ਹੋਣ ਦੀ ਬੜੀ ਉਦਾਰ ਪਰਿਭਾਸ਼ਾ ਸੀ। ਇਸ ਪਰਿਭਾਸ਼ਾ ਵਿਚ ਸਹਿਜਧਾਰੀ ਵੀ ਆਉਂਦੇ ਸਨ। ਇਸ ਐਕਟ ਵਿਚ ਸਹਿਜਧਾਰੀ ਦੀ ਪਰਿਭਾਸ਼ਾ ਵੀ ਦਿੱਤੀ ਗਈ ਹੈ। ਐਕਟ ਦੇ ਸੈਕਸ਼ਨ ੨(੧੦-ਏ) ਦੇ ਮੁਤਾਬਿਕ ਅਜਿਹਾ ਵਿਅਕਤੀ ਜੋ ਆਪਣੀਆਂ ਸਾਰੀਆਂ ਰਸਮਾਂ ਸਿੱਖ ਮਰਿਆਦਾ ਦੇ ਮੁਤਾਬਿਕ ਕਰਦਾ ਹੈ, ਤਮਾਕੂ ਅਤੇ ਕੁੱਠੇ ਦੀ ਵਰਤੋਂ ਨਹੀਂ ਕਰਦਾ ਅਤੇ ਮੂਲ ਮੰਤਰ ਦਾ ਪਾਠ ਕਰ ਸਕਦਾ ਹੈ, ਸਹਿਜਧਾਰੀ ਸਿੱਖ ਹੈ।

ਉਸ ਵੇਲੇ ਬੜੇ ਸਾਰੇ ਸਹਿਜਧਾਰੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣ ਸਕਦੇ ਸਨ ਤੇ ਚੁਣੇ ਵੀ ਜਾਂਦੇ ਸਨ। ਖਾਨੇਵਾਲ, ਜ਼ਿਲਾ ਮੁਲਤਾਨ ਦੇ ਭਾਈ ਖੁਸ਼ੀ ਰਾਮ ੧੯੩੯ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਪਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਸਦਾ ਹੀ ਇਹ ਡਰ ਭਾਸਦਾ ਰਿਹਾ ਕਿ ਬੜੇ ਸਾਰੇ ਗੈਰ-ਸਿੱਖ ਆਪਣੇ-ਆਪ ਨੂੰ ਸਹਿਜਧਾਰੀ ਸਿੱਖ ਆਖ ਕੇ ਕਮੇਟੀ ਦੀ ਚੋਣ ਲਈ ਵੋਟਰ ਬਣ ਜਾਣਗੇ ਅਤੇ ਕਮੇਟੀ ਉੱਤੇ ਕਬਜ਼ਾ ਕਰਨ ਦਾ ਯਤਨ ਕਰਨਗੇ। ੧੯੭੧ ਵਿਚ ਜਦੋਂ ਭਾਰਤੀ ਸੰਸਦ ਦੁਆਰਾ ਦਿੱਲੀ ਗੁਰਦੁਆਰਾ ਐਕਟ ਮਨਜ਼ੂਰ ਕੀਤਾ ਗਿਆ ਤਾਂ ਇਸ ਪਰਿਭਾਸ਼ਾ ਨੂੰ ਸਖਤ ਕਰ ਦਿੱਤਾ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਦੇ ਨਾਲ ਹੀ ਕੇਸ-ਦਾੜ੍ਹੀ ਵਾਲੇ ਸਿੱਖੀ ਸਰੂਪ ਨੂੰ ਲਾਜ਼ਮੀ ਕਰ ਦਿੱਤਾ ਗਿਆ।

ਕੁਝ ਵਰ੍ਹੇ ਪਹਿਲਾਂ ਇਹ ਮੁਹਿੰਮ ਚੱਲੀ ਸੀ ਕਿ ਸਹਿਜਧਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਾਂ ਪਾਉਣ ਦੇ ਹੱਕ ਤੋਂ ਵਾਂਝਿਆ ਕੀਤਾ ਜਾਵੇ ਅਤੇ ੧੯੨੫ ਦੇ ਗੁਰਦੁਆਰਾ ਐਕਟ ਵਿਚ ਤਰਮੀਮ ਕੀਤੀ ਜਾਵੇ। ਉਸ ਵੇਲੇ ਅਨੇਕ ਸੂਝਵਾਨ ਸਿੱਖਾਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਸੀ। ਉਨ੍ਹਾਂ ਦਾ ਜ਼ੋਰ ਇਸ ਗੱਲ 'ਤੇ ਸੀ ਕਿ ਸ਼ਰਧਾਵਾਨ ਸਹਿਜਧਾਰੀਆਂ ਨੂੰ ਸਿੱਖ ਹੋਣ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਦੂਰ ਰੱਖਣਾ ਸਹੀ ਫੈਸਲਾ ਨਹੀਂ ਹੈ ਪਰ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਆਗੂਆਂ ਵੱਲੋਂ ਲਏ ਜਾਣ ਵਾਲੇ ਅਨੇਕਾਂ ਫੈਸਲੇ ਸਿਆਸੀ ਮੰਤਵ ਨਾਲ ਕੀਤੇ ਜਾਂਦੇ ਹਨ ਨਾ ਕਿ ਪੰਥਕ ਹਿਤਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ।

ਜਿਵੇਂ ਜਿਵੇਂ ਕੋਈ ਧਰਮ ਫੈਲਦਾ ਹੈ ਅਤੇ ਉਹ ਅੰਤਰਰਾਸ਼ਟਰੀ ਸਰੂਪ ਧਾਰਨ ਕਰਦਾ ਹੈ, ਉਸ ਦਾ ਦਾਇਰਾ ਵੀ ਵਧਦਾ ਹੈ ਅਤੇ ਉਸ ਵਿਚ ਅਨੇਕ ਸੰਪਰਦਾਇ ਵੀ ਜਨਮ ਲੈ ਲੈਂਦੇ ਹਨ। ਸੰਸਾਰ ਦਾ ਕੋਈ ਧਰਮ ਇਸ ਦਾ ਅਪਵਾਦ ਨਹੀਂ। ਹਿੰਦੂ, ਈਸਾਈ, ਮੁਸਲਮਾਨ, ਬੋਧੀ ਧਰਮਾਂ ਨੂੰ ਮੰਨਣ ਵਾਲੇ ਸਾਰੀ ਦੁਨੀਆ ਵਿਚ ਹਨ। ਇਨ੍ਹਾਂ ਵਿਚ ਨਿੱਕੇ-ਵੱਡੇ ਮਤਭੇਦ ਰੱਖਣ ਵਾਲੇ ਸੰਪਰਦਾਵਾਂ ਦੀ ਗਿਣਤੀ ਵੀ ਘੱਟ ਨਹੀਂ। ਇਸਾਈਆਂ ਵਿਚ ਕੈਥੋਲਿਕ ਤੇ ਪ੍ਰੋਟੈਸਟੈਂਟ ਅਤੇ ਮੁਸਲਮਾਨਾਂ ਵਿਚ ਸੁੰਨੀ ਤੇ ਸ਼ੀਆ ਸੰਪਰਦਾਵਾਂ ਵਿਚ ਬੜੇ ਤਿੱਖੇ ਮਤਭੇਦ ਹਨ ਪਰ ਦੋਵਾਂ ਦੇ ਈਸਾਈ ਜਾਂ ਮੁਸਲਮਾਨ ਹੋਣ ਤੋਂ ਕੋਈ ਇਨਕਾਰੀ ਨਹੀਂ ਹੁੰਦਾ। ਈਸਾਈ ਹੋਣ ਲਈ ਈਸਾ ਮਸੀਹ ਨੂੰ ਪ੍ਰਭੂ ਦਾ ਪੁੱਤਰ ਅਤੇ ਮੁਕਤੀਦਾਤਾ ਹੋਣ ਦੇ ਨਾਲ ਬਾਈਬਲ ਨੂੰ ਰੱਬੀ ਸੁਨੇਹਾ ਮੰਨਣਾ ਹੀ ਕਾਫੀ ਹੈ। ਇਸੇ ਤਰ੍ਹਾਂ ਮੁਸਲਮਾਨਾਂ ਵਿਚ ਹਜ਼ਰਤ ਮੁਹੰਮਦ ਨੂੰ ਰਸੂਲ ਮੰਨਣ ਤੇ ਕੁਰਾਨ ਨੂੰ ਅੱਲਾਹ ਦਾ ਆਦੇਸ਼ ਮੰਨਣਾ ਹੀ ਜ਼ਰੂਰੀ ਹੈ।

ਸਿੱਖੀ ਵੀ ਸੰਸਾਰ ਦੇ ਪੰਜ ਵੱਡੇ ਧਰਮਾਂ ਵਿਚੋਂ ਇਕ ਹੈ, ਭਾਵੇਂ ਸਿੱਖੀ ਦੀ ਗਿਣਤੀ ਬੜੀ ਘੱਟ ਹੈ। ਸਿੱਖ ਵੀ ਸਾਰੀ



Namdhari Elibrary NamdhariElibrary@gmail.com

ਦੁਨੀਆ ਵਿਚ ਫੈਲੇ ਹੋਏ ਹਨ। ਉਨ੍ਹਾਂ ਵਿਚ ਵੀ ਅਨੇਕ ਸੰਪਰਦਾਵਾਂ ਹਨ। ਇਨ੍ਹਾਂ ਵਿਚ ਕੁਝ ਮਤਭੇਦ ਵੀ ਹਨ ਪਰ ਕੁਝ ਮੂਲ ਗੱਲਾਂ ਇਨ੍ਹਾਂ ਨੂੰ ਜੋੜਦੀਆਂ ਹਨ। ਇਹ ਗੱਲਾਂ ਹਨ-ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ ਅਤੇ ਦਸ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰੱਖਣਾ।

ਮੁਸਲਮਾਨ ਇਸ ਬਾਰੇ ਵਧੇਰੇ ਕੱਟੜ ਹਨ ਕਿ ਹਜ਼ਰਤ ਮੁਹੰਮਦ ਨਬੀ ਸਨ ਤੇ ਅੰਤਲੇ ਨਬੀ ਸਨ। ਅਹਿਮਦੀਏ ਮੁਸਲਮਾਨਾਂ ਨੇ ਹਜ਼ਰਤ ਗੁਲਾਮ ਅਹਿਮਦ ਨੂੰ ਵੀ ਨਬੀ ਮੰਨ ਲਿਆ। ਪਾਕਿਸਤਾਨ ਵਿਚ ਉਨ੍ਹਾਂ ਨੂੰ ਗ਼ੈਰ-ਮੁਸਲਮਾਨ ਘੋਸ਼ਿਤ ਕਰ ਦਿੱਤਾ ਗਿਆ ਪਰ ਅਹਿਮਦੀਏ ਆਪਣੇ-ਆਪ ਨੂੰ ਮੁਸਲਮਾਨ ਹੀ ਮੰਨਦੇ ਹਨ। ਹਜ਼ਰਤ ਮੁਹੰਮਦ ਵੀ ਉਨ੍ਹਾਂ ਲਈ ਨਬੀ ਹਨ ਤੇ ਕੁਰਾਨ ਮੁਕੱਦਸ ਕਿਤਾਬ ਹੈ।

ਨਾਮਧਾਰੀ ਸਿੱਖਾਂ ਨੂੰ ਵੀ ਇਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਉਨ੍ਹਾਂ ਨੇ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਜਿਊਂਦਾ ਰੱਖਿਆ ਹੋਇਆ ਹੈ। ਉਹ ਆਦਿ ਗ੍ਰੰਥ ਦੀ ਬਾਣੀ ਨੂੰ ਧੁਰ ਦੀ ਬਾਣੀ ਮੰਨ ਕੇ ਸਤਿਕਾਰਦੇ ਹਨ ਤੇ ਪਾਠ ਕਰਦੇ ਹਨ ਪਰ ਆਦਿ ਗ੍ਰੰਥ ਨੂੰ ਗੁਰੂ ਨਹੀਂ ਮੰਨਦੇ। ਉਹ ਆਪਣੇ-ਆਪ ਨੂੰ ਸਿੱਖ ਮੰਨਦੇ ਹਨ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਵੋਟਰ ਬਣਨ 'ਤੇ ਕੋਈ ਰੋਕ ਨਹੀਂ ਲਗਾਈ ਹੈ। ਉਹ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੈਂਬਰ ਵੀ ਚੁਣੇ ਜਾਂਦੇ ਹਨ।

ਪਰ ਇਹ ਵੀ ਇਕ ਕੌੜਾ ਸੱਚ ਹੈ ਕਿ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਜਾਂ ਹੋਰ ਸਥਾਨਕ ਸਿੰਘ ਸਭਾਵਾਂ ਜਿਸ ਤਰ੍ਹਾਂ ਦੀ ਚੋਣ-ਪ੍ਰਣਾਲੀ ਦਾ ਹਿੱਸਾ ਬਣੀਆਂ ਹੋਈਆਂ ਹਨ ਅਤੇ ਬੜੀ ਵਾਰੀ ਸਿਆਸੀ ਅਖਾੜੇ ਦੀਆਂ ਮਿਸਾਲਾਂ ਪੇਸ਼ ਕਰਦੀਆਂ ਹਨ। ਉਨ੍ਹਾਂ ਚੋਣਾਂ ਵਿਚ ਬੜੇ ਸਾਰੇ ਸੰਪਰਦਾਵਾਂ ਦੇ ਸਿੱਖ ਹਿੱਸਾ ਨਹੀਂ ਲੈਂਦੇ। ਨਿੱਜੀ ਤੌਰ 'ਤੇ ਵੀ ਬੜੇ ਸਾਰੇ ਸਿੱਖ ਇਨ੍ਹਾਂ ਕਮੇਟੀਆਂ ਦੀ ਕਾਰਗੁਜ਼ਾਰੀ ਨੂੰ ਨਾਪਸੰਦ ਕਰਦੇ ਹੋਏ ਵੋਟਰ ਲਿਸਟਾਂ ਵਿਚ ਆਪਣਾ ਨਾਂਅ ਨਹੀਂ ਦਰਜ ਕਰਾਉਂਦੇ। ਇਸ ਕਰਕੇ ਕਿਸ ਨੂੰ ਇਹ ਹੱਕ ਹੈ ਕਿ ਉਹ ਇਹ ਫ਼ਤਵਾ ਦੇਵੇ ਕਿ ਉਹ ਸਿੱਖ ਨਹੀਂ ਹਨ।

ਸੰਸਾਰ ਦੇ ਅਨੇਕ ਮੁਲਕਾਂ ਵਿਚ ਵਸਣ ਵਾਲੇ ਸਿੱਖਾਂ ਵਿਚ ਉਨ੍ਹਾਂ ਦੀ ਗਿਣਤੀ ਘੱਟ ਨਹੀਂ, ਜਿਹੜੇ ਹੁਣ ਖਾਲਸਾਈ ਸਰੂਪ ਵਾਲੇ ਨਹੀਂ ਰਹੇ। ਉਨ੍ਹਾਂ ਨੂੰ ਪਤਿਤ ਕਿਹਾ ਜਾ ਸਕਦਾ ਹੈ। ਅਜਿਹੇ (ਪਤਿਤ) ਸਿੱਖ ਭਾਵੇਂ ਕੇਸ-ਦਾੜ੍ਹੀ ਨਹੀਂ ਰੱਖਦੇ ਪਰ ਉਹ ਸਾਰੀਆਂ ਰਹੁ-ਰੀਤੀਆਂ ਵਿਚ ਸਿੱਖ ਹਨ। ਉਨ੍ਹਾਂ ਦੇ ਵਿਆਹ-ਕਾਜ, ਬੱਚਿਆਂ ਦੇ ਨਾਮਕਰਨ, ਅੰਤਿਮ ਸੰਸਕਾਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਓਟ ਲਈ ਜਾਂਦੀ ਹੈ। ਅਜਿਹੇ ਲੋਕੀਂ ਆਪਣੇ-ਆਪ ਨੂੰ ਸਿੱਖ ਕਹਾਉਣ ਅਤੇ ਮਰਦਮਸ਼ੁਮਾਰੀ ਵਿਚ ਸਿੱਖ ਲਿਖਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਬੜੀਆਂ ਥਾਵਾਂ 'ਤੇ ਅਜਿਹੇ ਸਿੱਖ ਉਥੋ ਦੇ ਗੁਰਦਆਰਿਆਂ ਦੀਆਂ ਚੋਣਾਂ ਵਿਚ ਹਿੱਸਾ ਲੈਂਦੇ ਹਨ ਅਤੇ ਪੂਰਾ ਪ੍ਰਬੰਧ ਸੰਭਾਲਦੇ ਹਨ।

ਕੌਣ ਸਿੱਖ ਹੈ, ਕੌਣ ਸਿੱਖ ਨਹੀਂ? ਇਸ ਬਾਰੇ ਫੈਸਲਾ ਕਰਨ ਵੇਲੇ ਜ਼ਮੀਨੀ ਹਕੀਕਤ ਵੱਲੋਂ ਅੱਖਾਂ ਨਹੀਂ ਫੇਰੀਆਂ ਜਾ ਸਕਦੀਆਂ। ਅੱਜ ਪੰਜਾਬ ਵਿਚ ਹੀ ਖਾਲਸਾਈ ਰੂਪ ਵਾਲੀ ਸਿੱਖੀ ਦਾ ਜੋ ਘਾਣ ਹੋ ਰਿਹਾ ਹੈ, ਉਸ ਤੋਂ ਕੌਣ ਜਾਣੂ ਨਹੀਂ? ਕੀ ਅਜਿਹੇ ਅਸੰਖ ਲੋਕੀਂ ਸ਼੍ਰੋਮਣੀ ਕਮੇਟੀ ਦੇ ਵੋਟਰ ਨਹੀਂ? ਕੀ ਵੋਟਾਂ ਲੈਣ ਵੇਲੇ ਇਸ ਤੱਥ ਦੀ ਪੜਤਾਲ ਕੀਤੀ ਜਾਂਦੀ ਹੈ?

ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਹੀ ਸਹਿਜਧਾਰੀਆਂ ਦੀ ਬੜੀ ਸਤਿਕਾਰਯੋਗ ਥਾਂ ਰਹੀ ਹੈ। ਭਾਈ ਨੰਦ ਲਾਲ, ਭਾਈ ਘਨੱਈਆ, ਭਾਈ ਕਿਰਪਾ ਰਾਮ, ਭਾਈ ਦੇਸ ਰਾਜ, ਭਾਈ ਟੋਡਰ ਮੱਲ, ਦੀਵਾਨ ਕੌੜਾ ਮੱਲ ਵਰਗੇ ਸੱਜਣਾਂ ਨੇ ਨਾ ਸਿਰਫ ਸਿੱਖੀ ਦੀ ਸੇਵਾ ਕੀਤੀ, ਸਗੋਂ ਸੰਘਰਸ਼ਮਈ ਬੜੇ ਔਖੇ ਦਿਨਾਂ ਵਿਚ ਸਿੱਖ-ਹਿਤਾਂ ਦੀ ਰਾਖੀ ਲਈ ਆਪਣਾ ਪੂਰਾ ਫਰਜ਼ ਨਿਭਾਇਆ। ਆਪਣੀ ਸੌੜੀ ਸੋਚ ਕਰਕੇ ਅਸੀਂ ਲਗਾਤਾਰ ਇਨ੍ਹਾਂ ਨੂੰ ਆਪਣੇ ਤੋਂ ਦੂਰ ਕੀਤਾ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਸਾਰੇ ਮੁਲਕ ਵਿਚ ਫੈਲੀਆਂ ਹੋਈਆਂ ਸੰਗਤਾਂ ਦਾ ਜ਼ਿਕਰ ਕੀਤਾ ਹੈ। ਅਜਿਹੀਆਂ ਸੰਗਤਾਂ ਸਿੱਖੀ ਪ੍ਰਚਾਰ ਦਾ ਮਹੱਤਵਪੂਰਨ ਕੇਂਦਰ ਹੁੰਦੀਆਂ ਸਨ। ਅੱਜ ਉਹ ਸਾਰੀਆਂ ਸੰਗਤਾਂ ਲਗਭਗ ਅਲੋਪ ਹੋ ਗਈਆਂ ਹਨ। ਹੁਣ ਸਿੱਖੀ ਸਿਰਫ ਪੰਜਾਬ ਤੇ ਪੰਜਾਬੀਆਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਜਾਂ ਪਟਨਾ ਸਾਹਿਬ ਤੇ ਸੱਚਖੰਡ ਹਜ਼ੂਰ ਸਾਹਿਬ ਨਾਂਦੇੜ ਦੀਆਂ ਕਮੇਟੀਆਂ ਨੇ ਸਥਾਨਕ ਗ਼ੈਰ-ਪੰਜਾਬੀ ਸਿੱਖਾਂ ਨੂੰ ਸਿੱਖੀ ਦੀ ਮੁੱਖ ਧਾਰਾ ਵਿਚ ਲਿਆਉਣ ਦਾ ਕੋਈ ਸੁਚੱਜਾ ਉਪਰਾਲਾ ਨਹੀਂ ਕੀਤਾ। ਹਜ਼ਾਰਾਂ ਦੀ ਗਿਣਤੀ ਵਿਚ ਬਨਜਾਰੇ ਹਜ਼ੂਰ ਸਾਹਿਬ ਵਿਚ ਦਰਸ਼ਨਾਂ ਲਈ ਅੱਜ ਵੀ ਆਉਂਦੇ ਹਨ ਪਰ ਕੋਈ ਉਨ੍ਹਾਂ ਵੱਲ ਧਿਆਨ ਨਹੀਂ ਦਿੰਦਾ। ਸਿੱਖੀ ਦਾ ਸੰਕਲਪ ਏਨਾ ਸੌੜਾ ਨਹੀਂ, ਜਿੰਨਾ ਸ਼੍ਰੋਮਣੀ ਕਮੇਟੀ ਬਣਾਉਣ ਦਾ ਯਤਨ ਕਰ ਰਹੀ ਹੈ। ਇਸ ਸੰਕਲਪ ਵਿਚ ਉਹ ਸਾਰੇ ਲੋਕੀਂ ਆਉਂਦੇ ਹਨ ਜੋ ਨਾਨਕ ਨਾਮ ਲੇਵਾ ਹਨ, ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ, ਦਸਾਂ ਗੁਰੂਆਂ 'ਤੇ ਵਿਸ਼ਵਾਸ ਕਰਦੇ ਹਨ, ਭਾਵੇਂ ਉਹ ਨਾਮਧਾਰੀ ਹੋਣ, ਨਿਰੰਕਾਰੀ ਹੋਣ, ਰਾਧਾਸੁਆਮੀ ਹੋਣ, ਨਿਹੰਗ ਹੋਣ, ਸੇਵਾਪੰਥੀ ਹੋਣ, ਸਿੰਧੀ ਜਾਂ ਹੋਰ ਕੋਈ ਭਾਸ਼ਾ ਬੋਲਣ ਵਾਲੇ ਹੋਣ। ਸੰਸਾਰ-ਵਿਆਪੀ ਸਿੱਖੀ ਲਈ ਪੰਜਾਬੀ-ਗੁਰਮੁਖੀ ਜਾਨਣ ਦੀ ਵੀ ਕੋਈ ਬੰਦਿਸ਼ ਨਹੀਂ ਹੈ।

ਕੇਵਲ ਸ਼੍ਰੋਮਣੀ ਕਮੇਟੀ ਦੇ ਵੋਟਰ ਹੀ ਸਿੱਖ ਹਨ, ਇਹ ਕਹਿਣਾ ਸਿੱਖੀ ਨੂੰ ਸੌੜੀਆਂ ਹਨੇਰੀਆਂ ਗਲੀਆਂ ਵਿਚ ਲੈ ਜਾਣ ਵਾਲੀ ਗੱਲ ਹੈ। ਮੈਨੂੰ ਨਹੀਂ ਲੱਗਦਾ ਕਿ ਸੁਪਰੀਮ ਕੋਰਟ ਅਜਿਹੀ ਦਲੀਲ ਸਵੀਕਾਰ ਕਰੇਗੀ।

*ਐਚ-੧੦੮, ਸ਼ਿਵਾ ਜੀ ਪਾਰਕ,*
*ਨਵੀਂ ਦਿੱਲੀ-੧੧੦੦੨੬*
*(ਅਜੀਤ, ੧੭ ਮਾਰਚ ੨੦੦੮ ਤੋਂ ਧੰਨਵਾਦ ਸਹਿਤ)*



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

**Sister Concern :**

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

*ਬਾਬਾ ਬੰਨੋਆਣਾ ਦੀ ਯਾਦ ਵਿਚ*

# ਸਿਰੜੀ ਬਾਬਾ

*—ਜਗਦੀਸ਼ ਸਿੰਘ*

ਮੇਰੀ ਘਬਰਾਈ ਹੋਈ ਧਰਮ ਪਤਨੀ ਨੇ ਮੈਨੂੰ ਤਰਲਾ ਮਾਰਿਆ "ਰੱਬ ਦਾ ਵਾਸਤਾ ਜੇ ਏਸ ਬੰਦੇ ਨਾਲ ਨਾ ਜਾਇਆ ਕਰੋ, ਇਹ ਆਪ ਤਾਂ ਸੁੱਕੀ ਹੱਡੀ ਏ ਉਸਦਾ ਕੁਝ ਨਹੀਂ ਵਿਗੜਦਾ ਪਰ ਤੁਸਾਂ ਮੰਜੇ ਤੇ ਪੈ ਜਾਣੈ"।

ਉਸ ਗਰਮੀਆਂ ਦੇ ਦਿਨ ਮੈਂ ਪਸੀਨੋ ਪਸੀਨਾ ਹੋਇਆ ਥੱਕਾ ਟੁੱਟਾ ਘਰ ਪਰਤਿਆ ਸਾਂ। ਧਰਮ ਪਤਨੀ ਨੂੰ ਪਤਾ ਸੀ ਕਿ ਮੈਂ ਬਾਬੇ ਬੰਨੋਆਣੇ ਪਾਸ ਕਾਬੂ ਆਇਆ ਲੇਖਕ ਸਭਾ ਦੇ ਕਿਸੇ ਸਮਾਗਮ ਵਾਸਤੇ ਫਿਰਦਾ ਰਿਹਾ ਸਾਂ।

ਬਾਬਾ ਆਪਣੇ ਬਤਾਲੀ ਸੰਨੀਏ ਲੇਡੀ ਸਾਈਕਲ ਤੇ ਸਵਾਰ ਸੀ ਅਤੇ ਮੈਂ ਆਪਣੇ ਬਾਈ ਇੰਚੀਏ ਤੇ। ਉਸ ਦਿਨ ਪਤਾ ਲੱਗਾ ਕਿ ਜਲੰਧਰ ਬਾਰੇ ਮੈਨੂੰ ਕੁਝ ਪਤਾ ਨਹੀਂ। ਖਬਰੇ ਕਿਹੜੇ ਕਿਹੜੇ ਮੁਹੱਲੇ ਵਿਚ ਬਾਬਾ ਅਗਿਆਤ ਡੰਡੀਆਂ ਰਾਹੀਂ ਪਹੁੰਚਿਆ। ਹਰ ਨੁੱਕਰ ਵਿਚ ਬਾਬੇ ਦੇ ਜਾਣਕਾਰ ਰਹਿੰਦੇ ਸਨ। ਬਾਬੇ ਨੂੰ ਲੋਕ ਬੈਠਾਉਣਾ ਚਾਹੁੰਦੇ ਸਨ ਪਰ ਬਾਬਾ ਕਹੇ ਬਸ ਜਲਦੀ ਨਾਲ ਦਸ ਰੁਪਏ ਕੱਢ ਦਿਓ। ਕਿਸੇ ਦੀ ਜੁਅਰਤ ਨਾ ਪੈਂਦੀ ਕਿ ਪੁਛੇ ਕਿ ਕਾਹਦੇ ਵਾਸਤੇ। "ਆਹ ਲਓ ਜੀ ਰੁਪਏ ਅੱਛਾ ਹੁਣ ਤਾਂ ਬਹਿ ਜਾਵੋ", "ਬਈ ਫੇਰ ਕਦੇ—ਫਲਾਣੀ ਤਾਰੀਖ ਨੂੰ ਲੇਖਕ ਸਭਾ ਦਾ ਫੰਕਸ਼ਨ ਜੇ ਜ਼ਰੂਰ ਪੁਜਣਾ ਜੇ।" ਤੇ ਬਾਬਾ ਨੌਂ ਦੋ ਗਿਆਰਾਂ ਹੋ ਗਿਆ ਹੁੰਦਾ। ਮੈਂ ਇਕ ਦੋ ਵਾਰ ਛਿੱਥਾ ਪੈ ਕੇ ਕਿਹਾ ਬਾਬਾ ਜੀ ਇਹ ਕੀ ਕੰਮ ਹੋਇਆ। ਇਕ ਥਾਂ ਬੈਠ ਕੇ ਚਿੱਠੀਆਂ ਲਿਖੀਆਂ ਜਾ ਸਕਦੀਆਂ ਹਨ। ਬਾਬੇ ਦਾ ਉੱਤਰ ਹੁੰਦਾ "ਪਰਵਾਹ ਨਾ ਕਰੋ ਜਗਦੀਸ਼ ਸਿੰਘ ਜੀ ਵੇਖੀ ਜਾਓ। ਉਸ ਤਰਾਂ ਮੋਬੇਲਾਈਜ਼ੇਸ਼ਨ ਨਹੀਂ ਹੋ ਸਕਦੀ। ਤੁਸੀਂ ਇਕ ਬੰਦੇ ਕੋਲੋਂ ਸੌ ਰੁਪਿਆ ਲੈ ਸਕਦੇ ਹੋ ਪਰ ਜੇ ਤੁਸੀਂ ਦਸਾਂ ਕੋਲੋਂ ਦੱਸ ਦਸ ਲਵੋਂ ਤਾਂ ਉਗਰਾਹੀ ਵੀ ਹੋਵੇਗੀ ਤੇ ਤੁਹਾਡੀ ਰੌਣਕ ਵੀ ਵਧੇਗੀ।"

ਤੇ ਸੱਚ ਮੁੱਚ ਇਕਲੋ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਦੇ ਉੱਦਮ ਸਦਕਾ ਫੁਟਕਲ ਉਗਰਾਹੀਆਂ ਵੀ ਜ਼ਿਆਦਾ ਹੁੰਦੀਆਂ ਹਨ ਅਤੇ ਹਾਜ਼ਰੀ ਵੀ ਜੋਬਨ ਤੇ ਹੁੰਦੀ ਹੈ ਤਾਂ ਉਸ ਵੇਲੇ ਸਮਾਗਮ ਦੀਆਂ ਪ੍ਰਧਾਨਗੀ ਕੁਰਸੀਆਂ ਤੋਂ ਕਿਤੇ ਦੂਰ ਬੈਠਾ ਬਾਬਾ ਆਪਣੀਆਂ ਬੱਗੀਆਂ ਮੁੱਛਾਂ ਵਿਚ ਮੁਸਕਰਾ ਰਿਹਾ ਹੁੰਦਾ ਹੈ। ਇਹਨਾਂ ਸਮਾਗਮਾਂ ਨੂੰ ਸਫਲ ਕਰਨ ਵਿਚ ਉਹ ਸਿਦਕ ਦਿੱਲੀ ਅਤੇ ਸ਼ਰਧਾ ਨਾਲ ਕੰਮ ਕਰਦਾ ਹੈ। ਸੱਦੇ ਦੇਣਾ, ਪਰਬੰਧ ਕਰਨਾ ਗੋਸ਼ਟੀ ਵਿਚ ਭਾਗ ਲੈਣਾ ਕੁਰਸੀਆਂ ਡਾਹੁਣੀਆਂ ਲੰਗਰ ਜਾਂ ਚਾਹ ਪਾਣੀ ਵਰਤਾਉਣਾ ਅਤੇ ਉਸ ਦਾ ਸਿਲਾ ਵੀ ਨਾ ਲੈਣਾ ਦੂਸਰਿਆਂ ਨੂੰ ਬਦੋ ਬਦੀ ਦੇਣਾ।

ਲੇਖਕ ਸਭਾ ਦੇ ਅਹੁਦੇਦਾਰ ਦੀ ਹੈਸੀਅਤ ਵਿਚ ਜਦ ਕਦੇ ਐਸੇ ਵਿਅਕਤੀ ਤੋਂ ਮਾਫੀ ਮੰਗਦੇ ਹਾਂ ਜਿਸਨੂੰ ਸੱਦਾ ਪੱਤਰ ਨਹੀਂ ਭੇਜਿਆ ਹੁੰਦਾ ਤਾਂ ਉਸਦਾ ਉੱਤਰ ਹੁੰਦਾ ਹੈ 'ਬਾਬਾ ਜੀ ਘਰ ਸੁਨੇਹਾ ਦੇ ਗਏ ਸੀ'।

ਮੈਂ ਜਦੋਂ ਸੰਨ ੧੯੭੧-੭੨ ਵਿਚ ਕਾਫੀ ਸਾਲ ਜੰਮੂ ਬਿਤਾ ਕੇ ਵਾਪਸ ਜਲੰਧਰ ਆਇਆ ਤਾਂ 'ਨਵਾਂ ਜ਼ਮਾਨਾ' ਦੇ ਅਵਾਮੀ ਪ੍ਰੈਸ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਕੋਲ ਅਕਸਰ ਰੋਜ਼ ਜਾਂਦਾ ਸਾਂ। ਉਥੇ ਨਵਾਂ ਜ਼ਮਾਨਾ ਦੀ ਅਖਬਾਰ ਪੜ੍ਹਦਾ। ਕਾਮਰੇਡ ਜਗਜੀਤ ਸਿੰਘ ਦੀ ਸ਼ਖਸੀਅਤ ਅਤੇ ਲੇਖਾਂ ਦਾ ਪ੍ਰਸ਼ੰਸਕ ਤਾਂ ਹੈ ਹੀ ਸਾਂ, ਪਰ ਕਾਮਰੇਡ ਅਨੰਦ ਦੇ ਦਸਤਖਤਾਂ ਨਾਲ ਰੋਜ਼ ਆਰਟੀਕਲ ਨਹੀਂ ਸੀ ਹੁੰਦਾ। ਮੈਂ ਕਵੀ ਜੀ ਨੂੰ ਪੁੱਛਿਆ ਅਨੰਦ ਜੀ ਦੇ ਪਿਛੋਂ ਆਰਟੀਕਲ ਕੌਣ ਲਿਖਦਾ ਹੈ। ਉਹਨਾਂ ਦਾ ਉੱਤਰ ਸੀ "ਬਾਬਾ ਲਿਖਦਾ ਹੈ"। ਮੈਂ ਸੋਚਿਆ ਕੋਈ ਗਦਰੀ ਬਾਬਾ ਕਾਮਰੇਡ ਹੋਵੇਗਾ। ਫੇਰ ਇਕ ਦਿਨ ਪੁਛਿਆ ਬਾਬੇ ਦਾ ਨਾਮ ਕੀ ਹੈ। ਅਖੇ ਗੁਰਬਖਸ਼ ਸਿੰਘ ਬੰਨੋਆਣਾ। ਮੈਨੂੰ ਕੁਝ ਹੈਰਾਨੀ ਹੋਈ ਅਤੇ ਕੁਝ ਆਪਣੀ ਜਾਣਕਾਰੀ ਤੇ ਸੰਦੇਹ ਹੋਇਆ। ਮੇਰੀ ਯਾਦ ਦੀਆਂ ਵੀਹ ਸਾਲ ਪੁਰਾਣੀਆਂ ਪਰਤਾਂ ਵਿਚ ਇਹ ਨਾਮ ਕਿਤੇ ਲੁਕਿਆ ਪਿਆ ਸੀ ਪਰ ਕਿਸੇ ਹੋਰ ਪਰਸੰਗ ਵਿਚ ਗੁਰਬਖਸ਼ ਸਿੰਘ ਬੰਨੋਆਣਾ ਦਾ ਨਾਮ ਮੈਂ ਆਪਣੇ ਪੜ੍ਹਾਈ ਦੇ ਦਿਨਾਂ ਵਿਚ ਸੁਣਿਆ ਸੀ। ਮੇਰਾ ਉਸ ਬਾਰੇ ਸੰਕਲਪ ਇਕ ਖਤਰਨਾਕ ਕਿਸਮ ਦੇ ਅਕਾਲੀ ਦਾ ਸੀ। ਕਾਲਜ ਦੇ ਦਿਨਾਂ ਵਿਚ ਨਾਲ ਦੇ ਸਾਥੀ ਉਸ ਦੀਆਂ ਅੱਗ-ਲਾਊ ਤਕਰੀਰਾਂ ਅਤੇ ਸਰਗਰਮੀਆਂ ਬਾਰੇ ਬਹੁਤ ਕੁਝ ਦਸਦੇ ਸਨ। ਗੁਰਦੁਆਰਿਆਂ ਵਿਚ ਬੰਨੋਆਣਾ ਹੁੰਦਾ ਸੀ। ਉਸਦੀਆਂ ਪੁਲਸ ਨੂੰ ਝਕਾਨੀ ਦੇਣ ਦੀਆਂ ਗੱਲਾਂ ਤੇ ਹਜ਼ਾਰਾਂ ਦੇ ਜਲਸਿਆਂ ਵਿਚ ਸੁੱਤਿਆਂ ਨੂੰ ਕੀਲ ਲੈਣ ਦੇ ਪ੍ਰਸੰਗ ਵੀ ਸਰਵਨ ਕੀਤੇ ਹੋਏ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਲੰਧਰ ਵਿਚ ਪਹਿਲੀ ਕਾਨਫਰੰਸ ਦੇ ਸਮੇਂ ਦੀ ਯਾਦ ਪ੍ਰਤੱਖ ਤੌਰ ਤੇ ਦੱਸਦੀ ਸੀ ਕਿ



Namdhari Elibrary NamdhariElibrary@gmail.com

ਉਦੋਂ ਅਕਾਲੀਆਂ ਵਿਚੋਂ ਗਿਆਨੀ ਭਜਨ ਸਿੰਘ ਤੇ ਗੁਰਬਖਸ਼ ਸਿੰਘ ਬੰਨੋਆਣਾ ਬਹੁਤ ਸਰਗਰਮ ਸਨ (ਹੈਰਾਨੀ ਉਦੋਂ ਵੀ ਹੋਈ ਸੀ)। ਕਵੀ ਜੀ ਵਲੋਂ ਬੰਨੋਆਣਾ ਦਾ ਨਾਮ ਸੁਣ ਕੇ ਮੈਂ ਕੁਝ ਦੁਬਧਾ ਵਿਚ ਪੈ ਗਿਆ। ਜਾਂ ਤਾਂ ਮੇਰੀ ਪੁਰਾਣੀ ਜਾਣਕਾਰੀ ਗਲਤ ਹੈ ਜਾਂ ਫਿਰ ਬੰਨੋਆਣਾ ਕੋਈ ਹੋਰ ਹੈ।

ਮੈਂ ਕਿਹਾ ਇਕ ਬੰਨੋਆਣਾ ਤਾਂ ਅਕਾਲੀ ਲੀਡਰ ਹੁੰਦਾ ਸੀ।

'ਹਾਂ ਉਹੋ ਹੀ ਏ' ਤੁਸੀਂ ਠੀਕ ਕਹਿੰਦੇ ਹੋ "ਕਵੀ ਜੀ ਦਾ ਉੱਤਰ ਸੀ।"

ਪਰ ਮੇਰੀ ਹੈਰਾਨੀ ਹੋਰ ਵਧ ਗਈ ਸੀ। ਇਹ ਸਾਰਾ ਕੁਝ ਕਿਵੇਂ ਹੋ ਗਿਆ ਕਿਥੇ ਅਕਾਲੀ ਕਿਥੇ ਕਮਿਊਨਿਸਟ ਪਾਰਟੀ ਦੇ ਆਫੀਸ਼ਲ ਅਖਬਾਰ ਦਾ ਲੀਡਿੰਗ ਰਾਈਟਰ?

ਪਰ ਜਦੋਂ ਕਵੀ ਜੀ ਨੇ ਬਾਬਾ ਬੰਨੋਆਣਾ ਨਾਲ ਮੁਲਾਕਾਤ ਕਰਾਈ ਤਾਂ ਨਾ ਉਹ ਅਕਾਲੀ ਲੱਗਦਾ ਸੀ, ਨਾ ਕੋਈ ਕਾਮਰੇਡ, ਨਾ ਬਾਬਾ ਅਤੇ ਨਾ ਹੀ ਸੀਨੀਅਰ ਪੱਤਰਕਾਰ। ਇਕ ਸਿੰਗਲ ਪਸਲੀ ਦਾ ਆਦਮੀ ਕਿਤਾਬਾਂ ਰਸਾਲਿਆਂ ਨੂੰ ਜੱਫੀ ਪਾਈ ਪ੍ਰੈਸ ਦਫਤਰ ਦੇ ਦਰ ਤੇ ਥੱਕਾ ਟੁੱਟਾ ਜਿਹਾ ਬੰਦਾ ਹੀ ਲੱਗਾ।

ਕਈ ਆਦਮੀ ਹੁੰਦੇ ਹਨ ਜਿਨ੍ਹਾਂ ਦਾ ਪਹਿਲੀ ਵਾਰ ਮਿਲਣ ਤੇ ਪ੍ਰਭਾਵ ਬਹੁਤ ਜਲਾਲੀ ਹੁੰਦਾ ਹੈ ਅਤੇ ਵਕਤ ਦੇ ਨਾਲ ਉਹ ਪ੍ਰਭਾਵ ਹੌਲੀ ਹੌਲੀ ਜ਼ੀਰੋ ਹੋ ਜਾਂਦਾ ਹੈ। ਕਈਆਂ ਦਾ ਪ੍ਰਭਾਵ ਮਨਫੀ ਤੋਂ ਸ਼ੁਰੂ ਹੋ ਕੇ ਅਕੀਦਤ ਦੀ ਹੱਦ ਤੱਕ ਪੁਜ ਜਾਂਦਾ ਹੈ। ਬਾਬਾ ਬੰਨੋਆਣਾ ਦੂਸਰੀ ਕਿਸਮ ਦੇ ਬੰਦਿਆਂ ਵਿਚੋਂ ਹੈ।

ਆਪਣੇ ਦੋਸਤਾਂ ਦੇ ਪੁਰਾਣੇ ਵਿਰਸੇ ਦੀ ਸੰਭਾਲ ਅਤੇ ਨਵਿਆਂ ਦੀ ਭਾਲ ਬਾਬੇ ਦੀ ਜਾਰੀ ਰਹਿੰਦੀ ਹੈ।

ਇਹ ਉਦੋਂ ਦੀਆਂ ਗੱਲਾਂ ਨੇ ਜਦੋਂ ਵਰਿਆਮ ਨਵਾਂ ਨਵਾਂ ਜਾਰੀ ਕੀਤਾ ਸੀ ਅਤੇ ਬਾਬੇ ਨੇ ਮੈਨੂੰ ਲੇਖਕ ਸਭਾ ਵਲ ਹੁੱਕ ਕਰ ਲਿਆ ਸੀ।

ਬਾਬਾ ਵਾਵਰੋਲੇ ਵਾਂਗ ਸਾਡੇ ਘਰ ਦਾਖਲ ਹੁੰਦਾ ਤੇ ਚਲਾ ਜਾਂਦਾ। "ਜਗਦੀਸ਼ ਸਿੰਘ ਜੀ ਘਰੇ ਈ ਓ" ਅਤੇ ਇਸ ਤੋਂ ਪਹਿਲਾਂ ਕੋਈ ਉਤਰ ਦੇਂਦਾ ਜਾਂ ਬੈਠਣ ਵਾਸਤੇ ਆਖਦਾ ਬਾਬਾ ਛੜੱਪ ਆ ਵੜਦਾ...

"ਤੁਸੀਂ ਅਜੇ ਉਠੇ ਨਹੀਂ? ਕੀ ਪਏ ਕਰਦੇ ਓ, ਹੋਰ ਸੁਣਾਓ ਨਵੀਂ ਤਾਜ਼ੀ"। ਬਾਬੇ ਦੀ ਚਾਂਦ ਮਾਰੀ ਸ਼ੁਰੂ ਹੋ ਜਾਂਦੀ ਤੇ ਨਾਲ ਹੀ ਸ਼ਹਿਰ ਬਾਹਰ ਦੀਆਂ ਖਬਰਾਂ ਉਤੇ ਤਬਸਰੇ।

"ਚਾਹ ਪੀਓਗੇ?"

"ਬਿਲਕੁਲ ਨਹੀਂ" ਮੈਂ ਸਵੇਰ ਤੋਂ ਹੁਣ ਤੱਕ ਪੰਜ ਕੱਪ ਪੀ ਚੁੱਕਾ ਹਾਂ" ਅਤੇ ਫੇਰ ਪਿਛਲੇ ਪੈਰੀਂ, "ਅੱਛਾ ਮੈਂ ਚਲਦਾ ਹਾਂ।"

ਚਲਦਿਆਂ ਚਲਦਿਆਂ ਬੱਚਿਆਂ ਦਾ ਹਾਲ-ਚਾਲ ਪੜ੍ਹਾਈ ਸਿਹਤ ਬਾਰੇ ਪੁੱਛਦਾ ਪਛਾਉਂਦਾ ਬਾਬਾ ਬਾਹਰ ਹੁੰਦਾ। ਮੇਰੀ ਮਾਤਾ ਪੁਛਦੀ "ਇਹ ਬੰਦਾ ਕੌਣ ਏ।" ਮੈਂ ਕਹਿੰਦਾ "ਇਹ ਇਕ ਵੱਡਾ ਐਡੀਟਰ ਏ"।

"ਹਾਇ ਹਾਇ ਅਡੀਟਰ ਇਹੋ ਜਿਹੇ ਹੁੰਦੇ ਨੇ। ਇਹ ਕਹਿੰਦੈ ਮੈਂ ਪੰਜ ਕੱਪ ਪੀ ਆਇਆਂ ਮਤਲਬ ਘੱਟ ਘੱਟ ਪੰਜਾਂ ਘਰਾਂ ਚੋਂ ਤਾਂ ਫਿਰ ਵੀ ਆਇਆ ਏ"

ਮਾਤਾ ਸੱਚ ਆਖਦੀ ਅਡੀਟਰ ਇਹੋ ਜਿਹੇ ਬੋਹੜੇ ਹੁੰਦੇ ਨੇ। ਇਹ ਲੰਮ ਸਲੰਮਾ ਲੰਮੀਆਂ ਲੰਮੀਆਂ ਪੁਲਾਘਾਂ ਪੁਟਣ ਵਾਲਾ ਸੁਕੜਾ ਜਿਹਾ ਆਦਮੀ ਕਿਵੇਂ ਐਡੀਟਰ ਹੋ ਗਿਆ। ਕੋਲ ਨਾ ਕੋਈ ਪੈਨ ਨਾ ਐਨਕ ਨਾ ਕਾਰ ਸਕੂਟਰ। ਇਕ ਖੁੱਥੜ ਜਿਹੇ ਲੇਡੀ ਸਾਇਕਲ ਤੇ ਆਉਂਦਾ ਤੇ ਉਹਨੂੰ ਤਾਲਾ ਮਾਰਨਾ ਜਰੂਰੀ ਨਾ ਸਮਝਦਾ।

ਤੇ ਇਵੇਂ ਬਾਬਾ ਪਹਿਲਾਂ ਘਰਾਂ ਵਿਚ ਘੁਸਪੈਠ ਕਰਦਾ ਹੈ ਅਤੇ ਉਸ ਤੋਂ ਬਾਅਦ ਦਿਲਾਂ ਵਿਚ।

ਚਾਰੇ ਚੱਕ ਤਾਰ ਕੇ ਬਾਬਾ ਜਦੋਂ ਨਵਾਂ ਜ਼ਮਾਨਾ ਦੇ ਦਫਤਰ ਵਿਚ ਸੰਪਾਦਕੀ ਲਿਖਣ ਬੈਠਦਾ ਹੈ ਤਾਂ ਉਦੋਂ ਤੱਕ ਬਾਕੀ ਅਖਬਾਰਾਂ ਵਾਲਿਆਂ ਆਪਣੇ ਐਡੀਟੋਰੀਅਲ ਮੁਕਾ ਲਈ ਹੁੰਦੇ ਹਨ।

ਬਾਬੇ ਦੇ ਸੰਪਾਦਕੀ ਲਿਖਣ ਦੇ ਢੰਗ ਨੂੰ ਵੇਖ ਕੇ ਇਕ ਲੋਕ-ਕਥਾ ਯਾਦ ਆ ਗਈ ਹੈ।

ਬਾਜ਼ੀਗਰਾਂ ਦਾ ਇਕ ਮੁੰਡਾ ਬਹੁਤ ਵਧੀਆ ਬਾਜ਼ੀ ਪਾਵੇ। ਰੱਸੇ ਉਤੇ ਤੁਰੇ, ਨੱਚੇ ਟੱਪੇ। ਗੁਲਿਹਰੀ ਵਾਂਗ ਖੰਭੇ ਤੇ ਚੜ੍ਹ ਜਾਵੇ ਅਤੇ ਉਤਰ ਆਵੇ। ਹਵਾ ਵਿਚ ਤੈਰਦਾ ਫਿਰੇ ਅਤੇ ਅਨਹੋਣੇ ਕਰਤਬ ਦਿਖਾਲੇ। ਉਸ ਦੇ ਕਰਤਬ ਦੇਖ ਦੇਖ ਲੋਕ ਹੈਰਾਨ ਹੋਣ। ਚੋਰਾਂ ਦੇ ਇਕ ਗਰੋਹ ਨੇ ਸੋਚਿਆ ਜੇ ਇਹ ਬੰਦਾ ਸਾਡੇ ਨਾਲ ਰਲ ਜਾਵੇ ਤਾਂ ਅਸੀਂ ਬੜੇ ਕਾਮਯਾਬ ਹੋਵਾਂਗੇ। ਉਹਨਾਂ ਉਸ ਕਰਤਬੀ ਮੁੰਡੇ ਨਾਲ ਗੱਲ ਕੀਤੀ ਕਿ ਤੂੰ ਸਾਡੇ ਨਾਲ ਰਲ ਜਾਹ ਤੈਨੂੰ ਇਸ ਤੋਂ ਕਿਤੇ ਵਧ ਪੈਸੇ ਮਿਲਣਗੇ। ਕੰਮ ਇਹ ਹੀ ਹੋਵੇਗਾ ਕਿ ਪਾਈਪ ਜਾਂ ਰਸੇ ਰਾਹੀਂ ਘਰਾਂ ਉਪਰ ਜਾਣਾ ਹੈ। ਬਾਕੀ ਕੰਮ ਅਸੀਂ ਕਰ ਲਵਾਂਗੇ। ਉਹ ਮੰਨ ਗਿਆ। ਉਹਨੂੰ ਪਹਿਲੀ ਰਾਤੇ ਚੋਰੀ ਕਰਨ ਖੜਿਆ ਗਿਆ। ਇਕ ਵਧੀਆ ਟਿਕਾਣੇ ਪੁੱਜ ਕੇ ਇਕ ਰਸੇ ਰਾਹੀਂ ਮਕਾਨ ਵਿਚ ਦਾਖਲ ਹੋਣ ਲਈ ਉਸਨੂੰ ਕਿਹਾ ਗਿਆ।

ਮੁੰਡੇ ਨੇ ਉੱਤਰ ਦਿੱਤਾ ਮੈਂ ਤੱਦ ਚੜ੍ਹ ਸਕਦਾ ਹਾਂ ਜੇ ਪਹਿਲਾਂ ਢੋਲ ਵਜਦਾ ਹੋਵੇ। ਸੋ ਤੁਸੀਂ ਢੋਲੀ ਮੰਗਵਾ ਕੇ ਢੋਲ ਵਜਵਾਓ ਮੈਂ ਡਗਾ ਵਜਦੇ ਹੀ ਜਿਥੇ ਕਹੋ ਚੜ੍ਹ ਜਾਵਾਂਗਾ।

ਬਾਬਾ ਬੰਨੋਆਣਾ ਵੀ ਵਜਦੇ ਢੋਲ ਨਾਲ ਹੀ ਕਰਤਬ ਦਿਖਾਉਂਦਾ ਹੈ। ਸਾਰੇ ਐਡੀਟਰ ਇਕਾਂਤ, ਸ਼ਾਂਤੀ ਵਿਚ



Namdhari Elibrary NamdhariElibrary@gmail.com

ਐਡੀਟੋਰੀਅਲ ਲਿਖਦੇ ਹਨ ਤੇ ਬਾਬਾ ਰੌਲੇ ਵਿਚ। ਇਹ ਇਕ ਪਾਰਟੀ ਰਾਜ਼ ਹੈ ਜੋ ਕਿਸੇ ਨੂੰ ਦੱਸਣਾ ਨਹੀਂ ਕਿ ਬਾਬੇ ਦੇ ਮੁਲਾਕਾਤੀ ਆਉਣੇ ਇਹਦੇ ਮੇਜ਼ ਤੇ ਬੈਠਦਿਆਂ ਹੀ ਸ਼ੁਰੂ ਹੋ ਜਾਂਦੇ ਹਨ।

ਗੱਲਾਂ ਬਾਤਾਂ ਵਿਚ ਬਾਬੇ ਅੰਦਰ ਜਿਉਂ ਜਿਉਂ ਨਵੇਂ ਫੁਰਨੇ ਆਉਂਦੇ ਹਨ ਬਾਬੇ ਦੀ ਲੱਤ ਹਿਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਜੇ ਕਿਤੇ ਇਸ ਸਿਖਰ ਕੰਪਣ ਦਾ ਕੋਈ ਐਨਜੀਨਅਰ ਪ੍ਰਯੋਗ ਕਰੇ ਤਾਂ ਜਨਰੇਟਰ ਘੁਮਾ ਸਕਦਾ ਹੈ। ਫਿਰ ਜੇ ਗੱਲ-ਬਾਤ ਬਹਿਸ ਵਿਚ ਦਖਲ ਹੋ ਜਾਵੇ ਤਾਂ ਬਾਬੇ ਦੀ ਬਾਂਹ ਵੀ ਚਲਦੀ ਹੈ ਅਤੇ ਲੱਤ ਵੀ ਫੇਰ ਭਾਸ਼ਨ ਐਲਾਨਾਮੇ ਸ਼ੁਰੂ ਹੋ ਜਾਂਦੇ ਹਨ। ਕਿਹੜਾ ਮਾਈ ਦਾ ਲਾਲ ਹੈ ਜੋ ਵਿਚੋਂ ਮਾੜੀ ਮੋਟੀ ਗੱਲ ਵਾਸਤੇ ਸਮਾਂ ਖਿਸਕਾ ਸਕੇ। ਤੇ ਇੰਜ ਉਤੇਜਿਤ ਹੋਇਆ ਬਾਬਾ ਬੰਨੋਆਣਾ ਇਕ ਜ਼ਬਰਦਸਤ ਐਡੀਟੋਰੀਅਲ ਮਿੰਟਾਂ ਵਿਚ ਹੀ ਝਰੀਟ ਸੁਟੇਗਾ। ਦੁਪਹਿਰ ਤੱਕ ਕੰਪੋਜ਼ਿੰਗ ਲਈ ਜਾਣ ਵਾਲੇ ਐਡੀਟੋਰੀਅਲ ਤੋਂ ਪਹਿਲਾਂ ਬਾਬਾ ਕਈ ਚੱਕਰ ਟੈਲੀਪ੍ਰਿੰਟਰ ਦੇ ਲਾਵੇਗਾ ਅਤੇ ਲੇਟ ਤੋਂ ਲੇਟ ਸਥਿਤੀ ਤੋਂ ਵਾਕਫ ਹੋਵੇਗਾ। ਇਸ ਤਰਾਂ ਕਈ ਵਾਰ ਅਗਲੇ ਦਿਨ ਦੀ ਮੁੱਖ ਖਬਰ ਅਤੇ ਬਾਬੇ ਦਾ ਐਡੀਟੋਰੀਅਲ ਇਕੋ ਅੰਕ ਵਿਚ ਹੀ ਹੋਣਗੇ। ਬਾਬਾ ਇਕ ਸਿਰੜੀ ਪਾਠਕ ਹੈ। ਪੁਸਤਕਾਂ ਦਾ ਵੀ ਅਤੇ ਲੋਕਾਂ ਦੇ ਦਿਲਾਂ ਦਾ ਵੀ। ਵਾਕਫੀਅਤ ਭਾਵੇਂ ਅਖਬਾਰ ਤੋਂ ਮਿਲੇ ਭਾਵੇਂ ਕਿਤਾਬ ਚੋਂ, ਰੇਡੀਓ, ਟੈਲੀਪ੍ਰਿੰਟਰ ਜਾਂ ਪਕੌੜਿਆਂ ਵਾਲੇ ਕਾਗਜ਼ ਚੋਂ, ਕਿਸੇ ਡਾਕਟਰ ਜਾਂ ਅਨਪੜ੍ਹ ਮਜ਼ਦੂਰ ਤੋਂ ਉਹਦੇ ਪੱਟਿਆਂ ਉਤੇ ਹੁੰਦੀ ਹੈ। ਭਾਵੇਂ ਸਾਹਿਤਕ ਮਸਲਾ ਹੋ ਭਾਵੇਂ ਇਤਿਹਾਸਕ, ਜਾਂ ਚਲਦੇ ਮਾਮਲੇ, ਦੁਨੀਆ ਦੇ ਕਿਸੇ ਕੋਨੇ ਵਿਚ ਕੋਈ ਘਟਨਾ ਆਪਣੇ ਦੇਸ਼ ਵਿਚ ਕੋਈ ਹਲਚਲ ਕੋਈ ਐਜੀਟੇਸ਼ਨ ਕੋਈ ਰਾਜਸੀ, ਜਾਂ ਧਾਰਮਕ ਜਾਂ ਸਮਾਜੀ ਗਤੀਵਿਧੀ ਹੋਵੇ ਬਾਬੇ ਨੂੰ ਉਸਦੀ ਹਿਸਟਰੀ ਉਸ ਦੇ ਪਿਛੋਕੜ, ਉਸ ਪਿਛੇ ਇਸਦੀਆਂ ਅਣਦਿਸਦੀਆਂ ਸ਼ਕਤੀਆਂ ਉਸ ਦੇ ਸਿਟਿਆਂ ਬਾਰੇ ਸਭ ਪਤਾ ਹੋਵੇਗਾ। ਉਸ ਦੇ ਦਰਬਾਰ ਵਿਚ ਅਨੇਕਾਂ ਸਪਤਾਹਕ ਮਾਸਕ ਪੱਤਰਾਂ ਦੇ ਐਡੀਟਰ, ਵੱਖ ਵੱਖ ਰਾਜਸੀ ਪਾਰਟੀਆਂ ਦੇ ਛੋਟੇ ਵੱਡੇ ਲੀਡਰ ਵਿੰਗੇ ਸਿੱਧੇ ਰਾਹਾਂ ਤੋਂ ਆਉਂਦੇ ਹਨ। ਅੱਜ ਕਲ ਵੱਡੇ ਵੱਡੇ ਅਹੁਦਿਆਂ ਤੇ ਲੱਗੇ ਨੇਤਾ, ਅਫਸਰ ਜਾਂ ਐਡੀਟਰ ਕਿਸੇ ਸਮੇਂ ਬਾਬਾ ਬੰਨੋਆਣਾ ਤੋਂ ਸੇਧਾ ਲੈਂਦੇ ਰਹੇ ਹਨ। ਬਾਬਾ ਜੋ ਕੁਝ ਲਿਖਦਾ ਹੈ ਉਸ ਤੋਂ ਬਹੁਤ ਜ਼ਿਆਦਾ ਉਹ ਬੋਲ ਜਾਂਦਾ ਹੈ। ਜਿਸ ਨੂੰ ਨਾ ਤਾਂ ਉਹ ਸਾਂਭਦਾ ਹੈ ਨਾ ਕੋਈ ਹੋਰ।

ਬਾਬਾ ਇਕ ਕਰਾਮਾਤੀ ਐਡੀਟਰ ਹੈ। ਤੱਟ ਫੱਟ ਐਡੀਸ਼ਨ ਤਿਆਰ ਕਰਨ ਵਿਚ ਮਾਹਿਰ। ਪਿਛਲੇ ਸਮਿਆਂ ਵਿਚ ਪੰਜਾਬੀ ਜਗਤ ਨੂੰ ਪ੍ਰੋ. ਮੋਹਨ ਸਿੰਘ, ਸ. ਗੁਰਬਖ਼ਸ਼ ਪ੍ਰੀਤਲੜੀ ਆਦਿ ਦੇ ਵਿਛੋੜੇ ਦੇਖਣੇ ਪਏ। ਜਿਉਂ ਦਫਤਰ ਵਿਚ ਖਬਰ ਆਈ। ਬਾਬਾ ਬੰਨੋਆਣਾ ਕੰਪਿਊਟਰ ਬਣ ਗਿਆ। ਕਿਤੇ ਟੈਲੀਫਨ ਕਰ ਕਿਤੇ ਬੰਦਾ ਭੇਜ ਕਿਤੇ ਆਪ ਜਾ ਕਿਤੇ ਖੁੰਦਰ ਚੋਂ ਮੈਟਰ ਕਿਤੋਂ ਤਸਵੀਰ ਬਲਾਕ ਪੈਦਾ ਕਰ। ਉਸ ਵੇਲੇ ਬਾਬਾ ਬਿਲਕੁਲ ਸਪਸ਼ਟ ਹੁੰਦਾ ਹੈ ਕਿ ਕਿਹੜੀ ਚੀਜ਼ ਕਿਥੋਂ ਮਿਲੇਗੀ। ਦਿਨ ਚੜਦੇ ਨੂੰ ਜਦੋਂ ਖ਼ਬਰਾਂ ਪੜ੍ਹੀਆਂ ਤਾਂ ਨਾਲ ਹੀ ਉਹਨਾਂ ਦੀਆਂ ਕ੍ਰਿਤਾਂ ਉਹਨਾਂ ਬਾਰੇ ਲੇਖ ਕਵਿਤਾਵਾਂ ਸ਼ਰਧਾਂਜਲੀਆਂ ਅਤੇ ਤਸਵੀਰਾਂ ਨਾਲ ਸਜੇ 'ਨਵਾਂ ਜ਼ਮਾਨਾ' ਦੇ ਐਡੀਸ਼ਨ ਤਿਆਰ ਸਨ।

ਬਾਬੇ ਦੀ ਸਖਤ ਹੱਡੀ ਤੇ ਚੇਤੰਨ ਬੁਧੀ ਅਤੇ ਮਨ ਸਥਿਰਤਾ ਦਾ ਪਤਾ ਇਕ ਵਾਰ ਬਹੁਤ ਦੁਖਦਾਈ ਘਟਨਾ ਵੇਲੇ ਵੇਖਿਆ। 'ਨਵਾਂ ਜ਼ਮਾਨਾ' ਦਾ ਇਕ ਬਹੁਤ ਲੋਕ ਪ੍ਰਿਅ ਸੰਪਾਦਕ ਬਲਜੀਤ ਪੰਨੂ ਇਕ ਭਿਆਨਕ ਕਾਰ-ਬੱਸ ਹਾਦਸੇ ਵਿਚ ਚੜ੍ਹਾਈ ਕਰ ਗਿਆ। ਇਸੇ ਹਾਦਸੇ ਵਿਚ ਹੀ ਜੱਗ-ਬਾਣੀ ਦਾ ਇਕ ਸੰਪਾਦਕ ਮੇਜਰ ਸਿੰਘ ਅਤੇ ਕਾਰ ਡਰਾਈਵਰ ਵੀ ਮਰ ਗਏ। ਇਸ ਖਬਰ ਨਾਲ ਤਾਂ ਜਾਣਕਾਰ ਹਲਕਿਆਂ ਵਿਚ ਇਕ ਕਹਿਰ ਹੀ ਟੁੱਟ ਪਿਆ। ਬੇਈਂ ਪੁਲ ਕੋਲ ਹਾਦਸੇ ਵਿਚ ਮਰਿਆਂ ਦੀਆਂ ਲਾਸ਼ਾਂ ਫਗਵਾੜਾ ਹਸਪਤਾਲ ਵਿਚ ਪਹੁੰਚ ਗਈਆਂ। ਹਾਦਸੇ ਵਾਲੀ ਥਾਂ ਤੇ ਵਾਪਰਿਆ ਭਿਆਨਕ ਦੁਖਾਂਤ ਤਾਂ ਆਮ ਲੋਕਾਂ ਤੋਂ ਵੇਖ ਵੀ ਨਹੀਂ ਸੀ ਹੁੰਦਾ ਅਤੇ ਅੱਜ ਤੱਕ ਉਸਦੀ ਸੋਚ ਵੀ ਕੰਬਾ ਦੇਂਦੀ ਹੈ। ਬਾਬਾ ਬੰਨੋਆਣਾ ਸਾਰਾ ਦਿਨ ਹਸਪਤਾਲ ਵਿਚ ਪੋਸਟਮਾਰਟਮ ਦੌਰਾਨ ਰਿਹਾ। ਲਾਸ਼ਾਂ ਵਿਚ ਘਿਰਿਆ ਅਤੇ ਸ਼ਾਮ ਨੂੰ ੩ ਲਾਸ਼ਾਂ ਵਾਲੀ ਵੈਨ ਵਿਚ ਬੈਠ ਕੇ ਹੀ ਕੰਪਨੀ ਬਾਗ ਆਇਆ ਜਿਥੇ ਅਖਬਾਰੀ ਬਰਾਦਰੀ ਨੇ ਦਰਸ਼ਨ ਕੀਤੇ। ਸ਼ਾਮ ਦੇ ਛੇ ਵੱਜ ਚੁੱਕੇ ਸਨ ਪਰ 'ਨਵਾਂ ਜ਼ਮਾਨਾ' ਦਾ ਐਡੀਟੋਰੀਅਲ ਬਾਬਾ ਜੀ ਦੀ ਕਲਮ ਦੀ ਉਡੀਕ ਕਰ ਰਿਹਾ ਸੀ। ਐਡੀਟੋਰੀਅਲ ਬੰਨੋਆਣਾ ਨੇ ਹੀ ਲਿਖਣਾ ਸੀ। ਇਸ ਦੁਖਦਾਈ ਚੀਕ ਚਿਹਾੜੇ ਅਤੇ ਤਨਾਓ ਭਰੀ ਹਾਲਤ ਵਿਚ ਸਾਰੇ ਦਿਨ ਦੀ ਥਕਾਵਟ, ਅਕੇਵੇਂ ਉਦਾਸੀ ਦੇ ਹੁੰਦਿਆਂ ਬਾਬੇ ਨੇ ਸ਼ਾਮ ਦੇ ਘੁਸਮੁਸ ਵਿਚ ਦੋ ਕਾਲਮੀ ਐਡੀਟੋਰੀਅਲ ਲਿਖਿਆ 'ਸਾਡਾ ਪਿਆਰਾ ਪੰਨੂ ਚਲਾ ਗਿਆ।'

ਐਡੀਟੋਰੀਅਲ ਕੀ ਸੀ ਜਿਵੇਂ ਬਿਰਹਾ ਵਿਯੋਗ ਮਮਤਾ ਦੀ ਗੰਗਾ ਬਹਿ ਤੁਰੀ ਹੋਵੇ ਇਹ ਐਡੀਟੋਰੀਅਲ ਨਵਾਂ ਜ਼ਮਾਨਾ ਦੇ ਮੁਖ ਪੰਨੇ ਖਬਰਾਂ ਨਾਲ ਹੀ ਛਪਿਆ......

*(ਸੰਨ ੧੯੮੨ ਵਿਚ ਪ੍ਰਕਾਸ਼ਤ ਬੰਨੋਆਣਾ ਸਨਮਾਨ ਪਤ੍ਰਿਕਾ ਵਿਚੋਂ)*



Namdhari Elibrary NamdhariElibrary@gmail.com

# ਸੱਚਾ ਸਾਥੀ

*—ਪ੍ਰੀਤਮ ਸਿੰਘ ਕਵੀ*

ਮੈਨੂੰ ਬਾਬਾ ਬੰਨੋਆਣੇ ਨਾਲ ਪਹਿਲਾ ਵਾਸਤਾ ਓਦੋਂ ਪਿਆ ਜਦੋਂ ਮੈਂ 'ਦੀ ਅਵਾਮੀ ਕੋਆਪਰੇਟਿਵ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੁਸਾਇਟੀ ਲਿਮਟਿਡ, ਜਲੰਧਰ' ਦਾ ਮੈਨੇਜਰ ਬਣ ਕੇ ਆਇਆ। ਮੇਰੀ ਨਾਮਧਾਰੀ ਵੇਸ਼ ਭੂਸ਼ਾ ਤੱਕ ਵਰਕਰਾਂ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਏਨੀ ਖਰਾਬ ਹਾਲਤ ਵਿਚ ਪਏ ਪ੍ਰੈਸ ਦਾ ਇਹ ਸੱਜਣ ਸੁਧਾਰ ਕਰ ਸਕੇਗਾ। ਥੋੜ੍ਹੇ ਦਿਨਾਂ ਦੇ ਕੰਮ ਕਾਰ ਬਾਦ ਅਨੁਭਵ ਹੋਇਆ ਕਿ "ਨਵਾਂ ਜ਼ਮਾਨਾ" ਰੋਜ਼ਾਨਾ ਅਖਬਾਰ ਦਾ ਤੇ ਪ੍ਰੈਸ ਦਾ ਸਾਥ ਅਨਿੱਖੜਵਾਂ ਹੈ। ਹੌਲੀ ਹੌਲੀ ਮੈਂ ਉਪਰਲੀ ਛੱਤੇ 'ਨਵਾਂ ਜ਼ਮਾਨਾ' ਦੇ ਪ੍ਰਬੰਧਕਾਂ ਅਤੇ ਸੰਪਾਦਕਾਂ ਨਾਲ ਸੂਹ ਸਿਞਾਣ ਬਣਾਈ।

ਤਦ ਹੀ ਬਾਬਾ ਮੇਰੀ ਨਜ਼ਰੇ ਚੜ੍ਹ ਨਾ ਸਕਿਆ। ਸੁਰਜਨ ਸਿੰਘ ਜ਼ੀਰਵੀ, ਬਲਜੀਤ ਪੰਨੂ ਅਤੇ ਸ਼ੌਕੀਨ ਆਦਿ ਮੇਰੇ ਜਾਣਨ ਵਾਲਿਆਂ ਵਿਚ ਸਨ। ਕ੍ਰਿਸ਼ਨ ਭਾਰਦਵਾਜ ਨਾਲ ਤਾਂ ਭਲਾ ਮੇਰਾ ਲੈਣ ਦੇਣ ਦਾ ਅਰੁਕ ਵਾਸਤਾ ਸੀ ਕਿਉਂਕਿ ਰੋਜ਼ਾਨਾ 'ਨਵਾਂ ਜ਼ਮਾਨਾ' ਦਾ ਇਹ ਜਨਰਲ ਮੈਨੇਜਰ ਮੇਰਾ ਗਾਹਕ ਸੀ।

ਇਕ ਵਾਰ ਮੈਂ ਉਪਰ ਗਿਆ, ਮੁਖ ਸੰਪਾਦਕ ਦੇ ਕਮਰੇ ਵਿਚ ਬਿਜਲੀ ਦੀ ਕੜਕ ਵਰਗੀ, ਗੁਸੈਲੀ ਤੇ ਕੰਬਦੀ ਆਵਾਜ਼ ਸੁਣੀ। ਜਾਪਦਾ ਸੀ ਕੋਈ ਬਹੁਤ ਭਿਆਨਕ ਗੱਲ ਹੋ ਗਈ ਹੈ ਕਿ ਦੋ ਸੰਪਾਦਕ ਆਪੋ ਵਿਚ ਤੂੰ-ਤੂੰ ਮੈਂ-ਮੈਂ ਹੋ ਰਹੇ ਹਨ। ਸੰਪਾਦਕ ਵੀ ਉਤਲੀ ਪਾਲ ਦੇ। ਇਕ ਕਾਮਰੇਡ ਜਗਜੀਤ ਸਿੰਘ ਆਨੰਦ, ਮੁਖ ਸੰਪਾਦਕ, ਰੋਜ਼ਾਨਾ 'ਨਵਾਂ ਜ਼ਮਾਨਾ', ਦੂਜਾ ਉਹ ਸੰਪਾਦਕ ਜਿਸਦਾ ਨਾਮ ਤਾਂ ਕਦੇ ਵੀ ਅਖਬਾਰ ਦੇ ਕਾਲਮਾਂ ਵਿਚ ਨਹੀਂ ਆਉਂਦਾ, ਪਰ ਜੋ 'ਨਵਾਂ ਜ਼ਮਾਨਾ' ਦੀ ਰੀੜ੍ਹ ਦੀ ਹੱਡੀ ਹੈ।

ਮੈਂ ਥੋੜ੍ਹਾ ਜਿਹਾ ਲੁਕ ਕੇ ਇਸ ਗ੍ਰਹਿ-ਯੁਧ ਦੀ ਝਲਕ ਪਾਈ ਜਿਹੜੀ ਗੱਲੋਂ ਉਸ ਦਿਨ ਮੇਜ਼ ਦੀ ਸ਼ਾਮਤ ਆਈ ਹੋਈ ਸੀ। ਹੁਣ ਚੇਤੇ ਨਹੀਂ ਰਿਹਾ। ਪਰ ਇਸ ਗੱਲ ਨੇ ਮੇਰਾ ਇਹ ਭਰਮ ਤੋੜਿਆ ਕਿ ਬਾਬਾ ਬੰਨੋਆਣਾ ਅਸਲ ਵਿਚ ਕੋਈ ਲੰਮੀ ਚਿੱਟੀ ਦਾੜ੍ਹੀ ਵਾਲਾ ਬਜ਼ੁਰਗ ਨਹੀਂ ਸਗੋਂ ਪ੍ਰੌਢ ਮਨੁੱਖ ਹੈ ਜਿਹੜਾ ਆਪਣੇ ਆਪ ਵਿਚ ਗੁਲਾਮੀ ਦੇ ਅੰਸ਼ ਨਹੀਂ ਰੱਖਦਾ, ਵਫ਼ਾਦਾਰੀ ਜਿਸਦਾ ਮਹਾਨ ਗੁਣ ਹੈ। ਮਨੁੱਖਾਂ ਦੀ ਵਫ਼ਾਦਾਰੀ ਨਹੀਂ, ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਵਫ਼ਾਦਾਰੀ ਤੇ ਏਦੂੰ ਵੀ ਉਤੇ ਮਾਰਕਸਵਾਦ ਲੈਨਿਨਵਾਦ ਦੀ ਵਫ਼ਾਦਾਰੀ।

ਮੈਨੂੰ ਉਹਨਾਂ ਲੋਕਾਂ ਤੇ ਹਾਸਾ ਵੀ ਆਉਂਦਾ ਤੇ ਰੋਣ ਵੀ ਜਿਹੜੇ ਮੇਰੇ ਸਫੈਦ ਕੁਰਤੇ ਤੇ ਪਜਾਮੇ ਅਤੇ ਸਿੱਧੇ ਪੇਚਾਂ ਵਾਲੀ, ਗੁਰੂਆਂ ਵਰਗੀ ਦਸਤਾਰ ਨੂੰ ਵੇਖ ਕੇ ਮੇਰੀ ਸਮਝ ਤੇ ਵੀ ਸ਼ੱਕ ਕਰਦੇ। ਉਹ ਮੇਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੇ ਕੰਮ ਦੀ ਕ੍ਰਿਆਸ਼ੀਲਤਾ ਦੀ ਥਾਂ ਮੇਰੇ ਜਿਸਮ ਦੇ ਕੱਪੜਿਆਂ ਨਾਲ ਹੀ ਅੜੇ ਰਹਿੰਦੇ। ਏਥੇ ਮੈਨੂੰ ਬਾਬਾ ਬੰਨੋਆਣਾ ਸਹੀ ਜਾਪਿਆ। ਉਸ ਨੇ ਮੇਰੇ ਕਪੜਿਆਂ ਨੂੰ ਇਕ ਵਿਸ਼ੇਸ਼ ਪਹਿਰਾਵੇ ਤੋਂ ਵੱਧ ਕੁੱਝ ਨਹੀਂ ਜਾਤਾ ਅਤੇ ਜਿਉਂ ਜਿਉਂ ਵਿਚਾਰ ਵਟਾਂਦਰਾ ਹੁੰਦਾ ਗਿਆ ਬਾਬੇ ਨੂੰ ਯਕੀਨ ਹੁੰਦਾ ਗਿਆ ਕਿ ਨਾਮਧਾਰੀ ਨਜ਼ਰ ਪੈਂਦਾ ਕਮਿਊਨਿਸਟ ਦ੍ਰਿਸ਼ਟੀਕੋਣ ਦੀ ਖਾਸੀ ਪਛਾਣ ਰੱਖਦਾ ਹੈ।

ਬਾਬੇ ਨੂੰ ਸ਼ਾਇਦ ਆਪਣੇ ਨਾਂ ਤੋਂ ਵੀ ਇਹ ਗਿਆਨ ਸੀ ਕਿ ਉਹ ਬਾਬਾ ਬੰਨੋ ਦੀ ਗੱਦੀ ਨਾਲ ਪਰਵਾਰਕ ਸਾਂਝ ਹੋਣ ਕਰਕੇ ਹੀ 'ਬਾਬਾ' ਹੈ ਵੈਸੇ ਉਹ ਰੜ੍ਹਿਆ ਪੱਕਿਆ ਕਮਿਊਨਿਸਟ ਹੈ। ਇੰਜ ਹੀ ਕਵੀ ਦੀ ਵੇਸ਼ ਭੂਸ਼ਾ ਹੀ ਨਾਮਧਾਰੀਆਂ ਵਾਲੀ ਹੈ ਸੋਚਣੀ ਤੋਂ ਸੁਧਾ ਕਮਿਊਨਿਸਟ ਹੈ।

ਪਰਸਪਰ ਪਛਾਣ ਦੀ ਰਫ਼ਤਾਰ ਸਾਡੀ ਬੜੀ ਧੀਮੀ ਰਹੀ, ਪਰ ਇਕ ਇਕ ਇੱਟ ਧਰਕੇ ਸੀਮਿੰਟਡ ਕੀਤੀ ਨੀਂਹ ਵਾਂਗਰਾਂ ਸਥਿਰਤਾ ਤੇ ਗੂੜ੍ਹਤਾ ਇਹਦਾ ਮੂਲ ਧੁਰਾ ਰਹੀ। ਬਾਬਾ ਬੰਨੋਆਣੇ ਦਾ ਨਾਮ ਗੁਰਬਖਸ਼ ਸਿੰਘ ਹੈ, ਇਹਦਾ ਪਤਾ ਵੀ ਮੈਨੂੰ ਚਾਰ ਕੁ ਸਾਲ ਬੀਤਣ ਤੇ ਲੱਗਾ।

ਮੇਰਾ ਦ੍ਰਿੜ੍ਹ ਮਨ ਹੈ ਕੋਈ ਬੰਦਾ ਵੀ ਚੰਗਾ ਕਮਿਊਨਿਸਟ ਨਹੀਂ ਬਣ ਸਕਦਾ ਜੇ ਉਹਦੇ ਵਿਚ ਨਿਆਂਇ ਦਾ ਅੰਸ਼ ਵਧੇਰੇ ਮਾਤਰਾ ਵਿਚ ਨਾ ਹੋਵੇ। ਕਮਿਊਨਿਸਟਾਂ ਨੂੰ ਜਮਾਤੀ ਲੜਾਈ ਵਿਚ ਖਿੱਚ ਲਿਆਉਣ ਵਾਲੀ ਪ੍ਰੇਰਕ ਨਿਆਂ ਦੀ ਇੱਛਾ ਹੀ ਹੁੰਦੀ ਹੈ। ਅੱਗੇ ਤਾਂ ਉਸਦੀ ਪ੍ਰਾਪਤੀ ਦਾ ਸਾਧਨ, ਸਿਧਾਂਤ ਤੇ ਸਰਗਰਮੀਆਂ ਹੀ ਹੁੰਦੀਆਂ ਹਨ।

ਬਾਬੇ ਵਿਚ ਇਕ ਗੱਲ ਤਾਂ ਨਾਨਕ ਨਿਰੰਕਾਰੀ ਵਾਲੀ ਵੀ ਹੈ ਨਿਰਭੈਤਾ ਤੇ ਨਿਰਵੈਰਤਾ। ਅੰਤਰ ਪਾਰਟੀ ਘੋਲਾਂ ਵਿਚ ਬਾਬੇ ਨੂੰ ਸਮਝੌਤਾ ਕਰਦਿਆਂ ਨਹੀਂ ਵੇਖਿਆ। ਮੈਨੂੰ ਜ਼ਾਤੀ ਅਨੁਭਵ ਹੈ ਕਿ ਪਦਵੀਆਂ, ਬਣੀਆਂ ਹੋਈਆਂ ਪੁਜ਼ੀਸ਼ਨਾਂ ਕਈ ਵੇਰ ਚੰਗੇ ਦਿਸਦੇ ਕਮਿਊਨਿਸਟ ਨੂੰ ਵੀ ਨਿਵਾ ਲੈਂਦੀਆਂ ਹਨ ਪਰ ਜਿਸ ਮਨੁੱਖ ਨੂੰ ਕੋਈ ਲਾਲਚ ਹੀ ਨਾ ਹੋਵੇ ਉਹਦੇ ਲਈ ਆਪਣੀ ਸਮਝ ਤੋਂ ਓਪਰੀ ਮਾਂਗਵੀ ਸਮਝ ਨੂੰ ਸਲਾਮ ਕਰਨਾ ਸੁਕਰਾਤ ਦੇ ਰਾਹੋਂ ਥਿੜਕਣ ਵਾਲੀ ਗੱਲ ਹੀ ਹੈ।

ਬਾਬਾ ਬੰਨੋਆਣਾ ਅਗਨੀ ਦਾ ਬਸੰਤਰ ਹੈ ਜੋ ਮਨੁੱਖੀ ਜਿਸਮ ਦੇ ਉਹਲੇ ਨਾਲ ਢਕ, ਸੀਮਤ ਕਰ ਮਾਨਵਤਾ ਦੇ ਹਿਤ ਵਿਚ ਵਰਤਣ ਵਾਲੇ ਸੰਦ ਦੇ ਤੌਰ ਤੇ ਸਥਿਰ ਕੀਤਾ ਗਿਆ ਹੈ। ਉਹ ਕਦੇ ਵੀ ਨਿਰਾਸ ਨਹੀਂ ਹੋਇਆ ਅਤੇ ਜਦੋਂ ਵੀ ਵਿਰੋਧੀ ਵਿਚਾਰ ਉਸਦੇ ਸਾਹਵੇਂ ਆਏ ਬੇਲਿਹਾਜ਼ ਉਨ੍ਹਾਂ ਨਾਲ ਟਕਰਾਅ



Namdhari Elibrary NamdhariElibrary@gmail.com

ਗਿਆ ਹੈ। ਇਹ ਓਪਰਿਆਂ ਦੇ ਤਾਂ ਹੁੰਦੇ ਹੀ ਹਨ, ਆਪਣਿਆਂ ਬਾਰੇ ਵੀ ਬਾਬੇ ਦੇ ਬੋਲ ਸਾਧਾਰਨ ਸੁਰ ਤੋਂ ਉਠਕੇ ਬੱਦਲਾਂ ਦੀ ਗੜਗੜਾਹਟ ਨਾਲ ਜਾ ਮਿਲਦੇ ਹਨ।

ਇਕ ਪ੍ਰਬੁਧ ਪੱਤਰਕਾਰ ਹੈ ਬਾਬਾ, ਜਿਸ ਨੂੰ ਜੇ ਚਾਪਲੂਸੀ ਦੀ ਥੋੜ੍ਹੀ ਵੀ ਕਲਾ ਆਉਂਦੀ ਹੁੰਦੀ ਤਾਂ ਹੁਣ ਤੱਕ ਨੂੰ ਕਿੰਨੀ ਵਾਰ ਹੀ ਭਾਸ਼ਾ ਵਿਭਾਗ ਨੇ ਵੀ ਸਨਮਾਨ ਦਿੱਤਾ ਹੁੰਦਾ ਤੇ ਹੋਰਨਾਂ ਸਭਾ ਸੁਸਾਇਟੀਆਂ ਨੇ ਵੀ। ਅਖਬਾਰਾਂ ਦਾ ਮਾਲਿਕ ਹੋ ਕੇ ਸਨਮਾਨਿਆ ਜਾਣਾ ਬਹੁਤ ਸਾਰੇ ਹੋਰ ਵੀ ਕਾਰਨ ਰੱਖਦਾ ਹੈ ਪਰ ਇਕ ਨਿਰੋਲ ਪੱਤਰਕਾਰ ਆਪਣੀ ਕਲਾ ਤੋਂ ਸਨਮਾਨਿਆ ਜਾਏ ਘੱਟ ਹੀ ਨਜ਼ਰ ਪਿਆ ਹੈ। ਇਹ ਬੰਦਾ ਸਾਰਾ ਦਿਨ ਆਏ ਗਏ ਨਾਲ ਗੱਪਾਂ ਮਾਰਦਾ ਹੈ, ਰਾਤ ਪਿਆਂ ਆਪਣੀ ਤੀਵੀਂ ਤੇ ਬੱਚਿਆਂ ਨਾਲ ਵੀ ਸਮਾਂ ਬਿਤਾਂਦਾ ਹੈ। ਪਤਾ ਨਹੀਂ ਇਹ ਕਦੋਂ ਲੋਕ ਰਾਇ ਕੱਠੀ ਕਰ ਲਿਆਉਂਦਾ ਤੇ ਦੂਜੀਆਂ ਸੰਸਥਾਵਾਂ ਨੂੰ ਪ੍ਰੇਰਕ ਅਗਵਾਈ ਦੇ ਆਉਂਦਾ ਹੈ, ਪਰ ਸਵੇਰੇ ਇਹਦੇ ਮੇਜ਼ ਤੇ ਗਿਆਂ ਸ਼ਹਿਰ ਦੀਆਂ ਸਾਰੀਆਂ ਨੁਕਰਾਂ ਦੀ ਖ਼ਬਰ, ਸਾਰੇ ਦੇਸ਼ ਦੇ ਸਿਆਸਤਦਾਨਾਂ ਦੀਆਂ ਬੇਵਕੂਫੀਆਂ ਤੇ ਸਮਝਦਾਰੀਆਂ ਉਤੇ ਟਿੱਪਣੀਆਂ, ਅਤੇ ਤਾਜ਼ਾ ਤਰੀਂ ਸੰਸਾਰ ਸਥਿਤੀ ਦਾ ਇਸਨੂੰ ਗਿਆਨ ਹੁੰਦਾ ਹੈ। ਮੁਖਾਲਫਾਂ ਨੂੰ ਉਸ਼ਟ ਲਸ਼ਟਕਾ ਨਿਆਇ (ਉਠ ਦੇ ਪਲਾਣੇ ਵਿਚੋਂ ਹੀ ਛਟੀ ਲਾਹ ਉਹਨੂੰ ਦੇ ਮਾਰਨੀ) ਅਨੁਸਾਰ ਝੂਠੇ ਕਰਨ ਜਾਂ ਛਿੱਥੇ ਪਾਉਣ ਵਿਚ ਬਾਬਾ ਸਿਧ ਹਸਤ ਹੈ।

ਬਾਬੇ ਦੀ ਵਰਗ-ਚੇਤਨਾ ਏਨੀ ਸ਼ਿੱਦਤ ਰੱਖਦੀ ਹੈ ਕਿ ਇਸ ਨੂੰ ਭੁਚਲਾਇਆ ਨਹੀਂ ਜਾ ਸਕਦਾ। ਉਹ ਕਿਸੇ ਦੀ ਜ਼ਾਤ ਤੋਂ ਹੀ ਨਾ ਨਫਰਤ ਕਰਦਾ ਹੈ ਨਾ ਪਿਆਰ, ਨਾ ਨਿੰਦਾ ਕਰਦਾ ਹੈ ਨਾ ਉਸਤਤ। ਉਸ ਕੋਲ ਤਾਂ ਇਕੋ ਠੋਸ ਕਾਰਨ ਹੁੰਦਾ ਹੈ ਕਿ ਇਹਨਾਂ ਦੇ ਬੋਲ ਬਾਣੀ ਜਾਂ ਐਕਸ਼ਨ ਨਾਲ ਕਿਸ ਜਮਾਤ ਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਬਾਰੇ ਵਿਚ ਉਹ ਆਪਣੇ ਲੀਡਰਾਂ ਨੂੰ ਵੀ ਮਾਫ਼ ਨਹੀਂ ਕਰਦਾ।

ਬਾਬੇ ਨੂੰ ਸ਼ਹਿਰ ਜਲੰਧਰ ਦਾ ਹਰ ਉਚਾ ਨੀਵਾਂ ਤਬਕਾ, ਸੰਪਰਦਾਵਾਂ ਦੇ ਆਗੂ ਜਾਣਦੇ ਹਨ। ਉਸ ਪਾਸ ਦਿਲ ਖੋਲ੍ਹ ਕੇ ਗੱਲਾਂ ਕਰਦੇ ਹਨ ਉਸ ਵਿਚ ਤੰਗ ਨਜ਼ਰੀ ਲੇਸ ਮਾਤਰ ਵੀ ਨਹੀਂ ਜਦੋਂ ਕਿ ਸਿਆਸੀ ਸੌੜਾਪਣ ਕਈ ਵੇਰ ਫੈਸਲਿਆਂ ਵਿਚ ਪਰਗਟ ਹੋ ਰਿਹਾ ਹੁੰਦਾ ਹੈ। ਮੈਂ ਬਾਬੇ ਦੀ ਭਵਿੱਖ ਬਾਣੀ ਨੂੰ ਕਦੇ ਝੂਠੇ ਪਿਆਂ ਨਹੀਂ ਵੇਖਿਆ। ਉਹਦੀ ਪਰਖ ਪੜਚੋਲ ਆਪਣੀ ਹੀ ਕਿਸਮ ਦੀਂ ਹੁੰਦੀ ਹੈ।

ਉਸਦੇ ਦਿਮਾਗ ਨੂੰ ਕੰਪਿਊਟਰ ਦੀ ਗਤੀ ਓਦੋਂ ਮਿਲਦੀ ਹੈ ਜਦੋਂ ਕਿ ਵਿਰੋਧੀ ਵਿਚਾਰਾਂ ਨਾਲ ਲੋਹਾ ਲੈਣਾ ਹੋਵੇ। ਅਖਬਾਰਾਂ ਹੀ ਉਸ ਨੂੰ ਬਹੁਤ ਵੇਖਣੀਆਂ ਪੈਂਦੀਆਂ ਹਨ ਕਿਤਾਬਾਂ ਪਤਾ ਨਹੀਂ ਕਦੋਂ ਪੜ੍ਹ ਜਾਂਦਾ ਹੈ। ਇਸ ਕਿਤਾਬ ਦਾ ਖਰੜਾ ਮੈਂ ਆਪਣੇ ਮਿੱਤਰ ਜਗਦੀਸ਼ ਸਿਘ ਆੜ 'ਵਰਿਆਮ' ਅਤੇ ਬਾਬਾ ਗੁਰਬਖਸ਼ ਸਿੰਘ ਨੂੰ ਸੁਣਾ ਰਿਹਾ ਸਾਂ। ਬਾਬੇ ਨੇ ਇਹ ਨਹੀਂ ਵੇਖਿਆ ਕਿ ਥੱਬਿਆਂ ਮੂੰਹੀਂ ਹਵਾਲੇ ਅੱਗੇ ਹੀ ਦਿੱਤੀ ਬੈਠਾ ਹਾਂ ਤੁਰੰਤ ਦੋ ਕਿਤਾਬਾਂ ਦੇ ਨਾਮ ਦੱਸ ਦਿੱਤੇ, ਇਕ ਮਾਸਕੋ ਵਿਚ ਛਪੀ ਸੀ, ਦੂਜੀ ਭਾਰਤ ਵਿਚ।

ਬਾਬਾ ਮਿੱਤਰ ਹੈ, ਇਹ ਮੈਨੂੰ ਪਤਾ ਨਹੀਂ ਲੱਗਾ ਪਰ ਬਾਬਾ ਸੱਚਾ ਸਾਥੀ ਹੈ, ਇਹਦਾ ਯਕੀਨ ਹੋ ਗਿਆ ਹੈ, ਬਾਬੇ ਦੇ ਐਬਾਂ 'ਚ ਕਿਹੜੀ ਗੱਲ ਗਿਣਾਂ ਉਹਦਾ ਅਮਰੀਕੀ ਲੇਖਕਾਂ ਵਾਂਗ ਟੰਗਾਂ ਬਾਹਾਂ ਹਿਲਾਣਾ, ਮੇਜ਼ ਤੇ ਟੁਕ ਟੁਕ ਕਰਨੀ ਜਾਂ ਕੀੜੇ ਕਾਢਿਆਂ ਵਰਗੇ ਅੱਖਰ ਲਿਖ ਕੇ ਕੰਪਾਜ਼ੀਟਰਾਂ ਨੂੰ ਸੋਚ ਸੋਚ ਕੇ ਕੰਪੋਜ਼ ਕਰਵਾਣ ਦੀ ਪਰੇਸ਼ਾਨੀ ਜਾਂ ਬਹੁਤ ਬੇਬਾਕੀ ਨਾਲ ਬੋਲਦਿਆਂ ਕਈ ਵਾਰ ਅਸਮਾਨ ਸਿਰ ਤੇ ਚੁੱਕ ਲੈਣਾ। ਇਹ ਉਹਦੀ ਚੇਤਨਾ ਦੇ ਹੀ ਪਰਿਚਾਇਕ ਹਨ। ਏਨਾ ਚਤੰਨ ਵਿਅਕਤੀ ਜਿਹੜਾ ਕਾਰੋਬਾਰੀ ਸਲਾਹਾਂ ਵੀ ਦੇਣ ਜਾਣਦਾ ਹੈ, ਲੈਕਚਰ ਝਾੜਨ ਦਾ ਵੀ ਜਿਸ ਨੂੰ ਪਤਾ ਹੈ ਤੇ ਜਿਸ ਨੂੰ ਅੱਗੇ ਲੱਗ ਕੇ ਕੰਮ ਕਰਨ ਦਾ, ਖਾਸ ਕਰ ਔਖੇ ਕੰਮ ਕਰਨ ਦਾ ਸੁਆਦ ਆਉਂਦਾ ਹੈ, ਉਸ ਨੂੰ ਤਾਂ ਹਾਰਦਿਕ ਸਲਾਮ ਕਰਨੀ ਹੀ ਬਣਦੀ ਹੈ।

ਮੈਂ ਤਾਂ ਹੈਰਾਨ ਹਾਂ ਉਹਨਾਂ ਲੋਕਾਂ ਤੇ ਜੋ ਇਸ ਫ਼ੱਕਰ ਤਬਹ ਬੰਦੇ ਵਾਸਤੇ ਸਨਮਾਨ ਸਮਾਗਮ ਕਰਨਾ ਸੋਚੀ ਬੈਠੇ ਹਨ। ਇਹ ਉਤਲੀ ਪਾਲ ਦੇ ਲੋਕ ਤਾਂ ਨਹੀਂ ਹੋ ਸਕਦੇ, ਨਾ ਇਹਨਾਂ ਵਿਚ ਦੂਜਿਆਂ ਨੂੰ ਪਿਛੇ ਖਿਚ ਕੇ ਆਪ ਅੱਗੇ ਹੋਣ ਵਾਲੇ ਸੱਜਣ, ਇਹ ਤਾਂ ਸੱਚਮੁਚ ਹੀ ਉਹਨਾਂ ਮਾਨਵ ਹਿਤਕਾਰੀਆਂ ਦਾ ਪਰਜਤਨ ਜਾਪਦਾ ਹੈ ਜਿਹੜੇ ਕਿਸੇ ਦੇ ਹਕੀਕੀ ਕਦਰਦਾਨ ਹੁੰਦੇ ਹਨ ਉਹਦੀ ਪਦਵੀ ਤੇ ਸਥਿਤੀ ਕਾਰਨ ਝੋਲੀ ਨਹੀਂ ਚੁਕਦੇ।

ਬਾਬੇ ਨੂੰ ਆਸ਼ੀਰਵਾਦਾਂ ਦੀ ਲੋੜ ਨਹੀਂ, ਉਹ ਤਾਂ ਆਸ਼ੀਰਵਾਦਾਂ, ਦੇਣ ਵਾਲੀ ਥਾਂ ਛੱਡ ਕੇ ਆਇਆ ਹੈ, ਉਹਨੂੰ ਸਾਡੀ ਲਫ਼ਜ਼ਾਂ ਲਈ ਹਮਦਰਦੀ ਵੀ ਦਰਕਾਰ ਨਹੀਂ, ਉਹ ਸੰਗਰਾਮੀਆਂ ਹੈ ਤੇ ਉਸ ਨੂੰ ਇਕ ਚੰਗਾ ਕਮਿਊਨਿਸਟ ਹੋਣ ਦੇ ਨਾਤੇ ਕਈ ਮੋਰਚਿਆਂ ਤੇ ਲੜਾਈ ਲੜਨੀ ਪੈਂਦੀ ਹੈ। ਅਸੀਂ ਤਾਂ ਉਹਦੀ ਅਮਲੀ ਤੇ ਮਾਨਸਿਕ ਵਡਿੱਤਣ ਦਾ ਅੰਦਾਜ਼ਾ ਵੀ ਨਹੀਂ ਕਰ ਸਕਦੇ। ਹਾਂ, ਸਾਡੇ ਕਹਿਣ ਵਾਲੀ ਗੱਲ ਤਾਂ ਏਨੀ ਹੀ ਹੈ ਕਿ ਬਾਬਾ! ਜੀਵਨ ਸੰਗਰਾਮ ਵਿਚ ਤੇਰੇ ਨਾਲ ਵੀ ਹਾਂ ਤੇ ਤੇਰੇ ਸ਼ੁਭਚਿੰਤਕ ਅਤੇ ਪ੍ਰਸ਼ੰਸਕ ਵੀ।

ਉਹ ਲੋਕ ਸਾਡੇ ਸਤਿਕਾਰ ਦੇ ਪਾਤਰ ਹਨ, ਜਿਹਨਾਂ ਨਿਰਮਾਣ, ਬੇਗਰਜ਼ ਅਤੇ ਸਿਰੜੀ ਆਦਮੀ ਨੂੰ ਪਿਆਰ ਕਰਦਿਆਂ ਉਹਦੇ ਲਈ ਇਕ ਗੱਲਾਂ ਕਰਨ ਦਾ ਮੰਚ ਉਪਸਥਿਤ ਕੀਤਾ ਹੈ।

*(ਬੰਨੋਆਣਾ ਸਨਮਾਨ ਪੱਤ੍ਰਿਕਾ ੧੯੯੨ ਵਿਚੋਂ)*



Namdhari Elibrary NamdhariElibrary@gmail.com

# ਮੇਰੇ ਹਿੱਸੇ ਦਾ ਬਾਬਾ ਬੰਨੋਆਣਾ

*—ਨਿੰਦਰ ਘੁਗਿਆਣਵੀ*

ਜਦ ਵੀ ਕਿਧਰੇ ਬਾਬਾ ਬੰਨੋਆਣਾ ਆਉਂਦਾ ਦਿਸ ਜਾਂਦਾ, ਮੈਂ ਆਪਣਾ ਮੋਬਾਈਲ ਫ਼ੋਨ ਕੱਢ ਲੈਂਦਾ, "ਲੈ ਬਾਬਾ ਸੁਹਣੀ ਜਿਹੀ ਫੋਟੋ ਖਿੱਚਾਂ।" "ਓ ਨਾ ਯਾਰ...ਓ ਹਟ ਜਾ... ਓ ਮੈਂ ਕੀ ਕਰਨੀ ਏਂ ਫੋਟੋ?" ਉਹ ਪੋਲੀਆਂ-ਪੋਲੀਆਂ ਜਿਹੀਆਂ ਦਬਕੀਆਂ ਮਾਰੀ ਜਾਂਦਾ, ਨਾਲੇ ਮੁਸਕਰਾਈ ਜਾਂਦਾ, ਮੈਂ ਛੇੜਦਾ, "ਅੰਦਰੋਂ ਤਾਂ ਬਾਬਾ ਜੀਅ ਕਰਦੈ ਫੋਟੋ ਲੁਹਾਉਣ ਨੂੰ, ਬੱਸ ਐਵੀਂ ਮੁੱਚੀ ਨਾਂਹ-ਨਾਂਹ ਕਰਦਾ ਐਂ।" ਬਾਬਾ ਹੱਸ ਪੈਂਦਾ ਤੇ ਝਟ ਫੋਟੋ ਖਿੱਚ ਹੋ ਜਾਂਦੀ, "ਲੈਅ ਦੇਖ ਬਾਬਾ ਤੇਰੀ ਫੋਟੋ।" ਮੈਂ ਮੋਬਾਈਲ ਉਹਦੇ ਅੱਗੇ ਕਰ ਦਿੰਦਾ, "ਓ ਤੂੰ ਹੱਟਦਾ ਨਈਂ...ਬੜਾ ਸ਼ਰਾਰਤੀ ਏਂ ਤੂੰ ਯਾਰ...।"

ਦੇਸ਼ ਭਗਤ ਯਾਦਗਾਰ ਹਾਲ ਵਿਚ ਕਦੇ ਵੀ ਕਿਸੇ ਨੇ ਪੁੱਛਣਾ, "ਬਾਬਾ ਬੰਨੋਆਣਾ ਆਏ ਕੇ ਨਹੀਂ?" ਗੁਰਮੀਤ ਭਾ ਜੀ ਸਮੇਤ ਬਹੁਤੇ ਇਹੋ ਕਹਿੰਦੇ ਹੁੰਦੇ, "ਅਖਬਾਰਾਂ ਵੇਖ ਲਓ...ਲਾਲ ਨਿਸ਼ਾਨ।" ਜੇਕਰ ਪ੍ਰਮੁੱਖ ਖਬਰਾਂ ਤੇ ਲੇਖਾਂ ਥੱਲੇ ਲਾਲ-ਸਿਆਹੀ ਵਾਲੇ ਪੈੱਨ ਦੀ ਨੋਕ ਚੱਲੀ ਹੋਈ ਹੈ, ਤਾਂ ਸਮਝੋ ਬਾਬਾ ਜੀ ਅਖਬਾਰਾਂ ਪੜ੍ਹ ਗਏ ਹੋਏ ਨੇ। ਉਹ ਕੰਬਦੇ ਹੱਥ ਨਾਲ ਪੈਰ੍ਹਿਆਂ ਦੇ ਪੈਰੇ ਅੰਡਰ-ਲਾਈਨ ਕਰੀ ਜਾਂਦੇ।

ਦਲਬੀਰ ਸਿੰਘ ਆਪਣੇ ਕਾਲਮ 'ਜਗਤ ਤਮਾਸ਼ਾ' ਵਿਚ ਕਦੇ-ਕਦੇ ਬਾਬਾ ਬੰਨੋਆਣਾ ਨਾਲ ਆਪਣੀ ਸ਼ਾਗਿਰਦੀ-ਉਸਤਾਦੀ ਦੇ ਰਿਸ਼ਤੇ ਦੀ ਗੱਲ ਕਰਦਾ, ਮੈਂ ਦੱਸਦਾ, "ਪੜ੍ਹਿਐ ਤੁਸੀਂ? ਦਲਬੀਰ ਨੇ ਚੇਤੇ ਕੀਤੈ ਥੋਨੂੰ।" ਬਾਬੇ ਦੀਆਂ ਨਿੱਕੀਆਂ ਅੱਖਾਂ ਚਮਕ ਪੈਂਦੀਆਂ ਤੇ ਖੁਸ਼ ਹੋ ਕੇ ਕਹਿੰਦਾ, "ਉਹ... (ਦਲਬੀਰ) ਮੇਰਾ ਬੜਾ ਲਾਇਕ ਏ ਯਾਰ।"

ਬਾਬਾ ਜੀ ਹਮੇਸ਼ਾ ਵਾਂਗ ਤੁਰੇ ਜਾ ਰਹੇ ਸਨ, ਦੇਸ਼ ਭਗਤ ਹਾਲ ਵੱਲ। ਮੈਂ ਨੇੜੇ ਜਾ ਕੇ ਸਾਈਕਲ ਰੋਕਿਆ, "ਚਲੋ ਬੈਠੋ ਪਿੱਛੇ, ਚੱਲੀਏ।" "ਓ ਤੂੰ ਕਿਥੋਂ ਆ ਗਿਆ ਏਂ ਯਾਰ...ਚਲ ਯਾਰ... ਮੈਂ ਨਈਂ ਬਹਿਣਾ... ਕੀ ਪਤੈ ਕਿਥੇ ਸੁੱਟ ਦੇਵੇਂ ਤੂੰ... ਮੈਂ ਤੁਰਨੋਂ ਵੀ ਜਾਵਾਂ।" ਹਾਸਾ-ਠੱਠਾ ਕਰਕੇ ਬਾਬੇ ਨੂੰ ਮੈਂ ਸਾਈਕਲ ਪਿੱਛੇ ਬਿਠਾ ਲਿਆ ਸੀ। ਹਾਲ ਵਿਚ ਵੜਦੇ ਸਾਰ ਬਾਬਾ ਸਭ ਤੋਂ ਪਹਿਲੋਂ ਅਖਬਾਰਾਂ ਨੂੰ ਜਾ ਪੈਂਦਾ। ਤਿਵਾੜੀ ਚਾਹ ਦਾ ਭਰਿਆ ਕੱਪ ਰੱਖ ਜਾਂਦਾ, ਉਹ ਪਈ-ਪਈ ਠੰਡੀ ਹੋ ਜਾਂਦੀ।

ਇਕ ਵਾਰ, ਹਰਭਜਨ ਬਾਜਵੇ ਨੇ ਬਾਬੇ ਬੰਨੋਆਣੇ ਬਾਰੇ ਆਪਣੇ ਇਕ ਲੇਖ ਵਿਚ ਉਸਨੂੰ ਲਿਖਿਆ ਕਿ ਜਦੋਂ ਉਹ ਬਾਬਾ ਜੀ ਨੂੰ ਪਹਿਲੀ ਬਾਰ ਮਿਲਿਆ ਤਾਂ ਉਸ ਵਕਤ ਉਹ ਸੜੀ ਹੋਈ ਮੂੰਗਫਲੀ ਵਰਗਾ ਲੱਗਾ। ਜਦ ਮੈਂ ਇਹ ਗੱਲ ਬਾਬੇ ਨੂੰ ਚੇਤਾ ਕਰਵਾਉਂਦਾ ਹੁੰਦਾ, ਤਾਂ ਉਹ ਹੱਸਦਾ, "ਓ ਯਾਰ, ਬਾਜਵਾ ਵੀ ਤੇ ਕਿਹੜਾ ਘੱਟ ਏ? ਉਹ ਵੀ ਤੇਰੇ ਤਰ੍ਹਾਂ ਸ਼ਰਾਰਤੀ ਏ...ਜੋ ਮਰਜ਼ੀ ਲਿਖੀ ਜਾਓ ਯਾਰ... ਮੈਨੂੰ ਕੋਈ ਪਰਵਾਹ ਨਹੀਂ ਏ...।"

ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦਾ ਰੂ-ਬਰੂ ਤੇ ਸਨਮਾਨ ਕੀਤਾ ਗਿਆ। ਬਾਬਾ ਜੀ ਨੂੰ ਪਾਰਸ ਜੀ ਦੇ ਨੇੜੇ ਕਰਦਿਆਂ ਕਿਹਾ, "ਲਓ ਮਿਲੋ... ਬੰਨੋਆਣਾ ਜੀ ਨੂੰ।" ਬਾਪੂ ਪਾਰਸ ਨੇ ਬਾਬੇ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲੈ ਕੇ ਚੁੰਮ ਲਏ, " ਤੂੰ ਹੈਗਾ ਐਂ ਅਜੇ? ਤੂੰ ਯਾਰ ਸਾਰਿਆਂ ਦਾ ਪਿਓ ਐਂ... ਮੰਨਿਆਂ-ਪ੍ਰਮੰਨਿਆਂ ਦਾ...ਸਲਾਮ ਐਂ ਤੈਨੂੰ ਸਾਥੀਆ... ਅੱਜ ਤਾਂ ਭਾਗਾਂ ਵਾਲਾ ਦਿਨ ਐਂ ਤੇਰੇ ਦੀਦਾਰ ਹੋਗੇ।" ਬਾਬਾ ਬੰਨੋਆਣਾ ਸੰਗੀ ਜਾਵੇ ਤੇ ਹਮੇਸ਼ਾਂ ਵਾਂਗ ਨਿੰਮਾ-ਨਿੰਮਾ ਮੁਸਕਰਾਈ ਜਾਵੇ। ਪਾਰਸ ਜੀ ਨੂੰ ਬਹੁਤਾ ਉੱਚਾ ਸੁਣਦਾ ਹੋਣ ਕਰਕੇ, ਤੇ ਬਾਬਾ ਜੀ ਬਹੁਤਾ ਧੀਮਾ ਤੇ ਨੀਵਾਂ ਬੋਲਦੇ ਹੋਣ ਕਰਕੇ ਆਪਸ ਵਿਚ ਖੁੱਲ੍ਹ ਕੇ ਗੱਲਾਂ ਬਾਤਾਂ ਨਾ ਕਰ ਸਕੇ। ਫਿਰ ਜਦੋਂ ਪਾਰਸ ਜੀ ਬਾਰੇ ਪੁਸਤਕ 'ਵਡਮੁੱਲਾ ਪਾਰਸ' ਸੰਪਾਦਤ ਕਰ ਰਿਹਾ ਸਾਂ, ਤਾਂ ਬਾਬਾ ਜੀ ਨੂੰ ਕਿਹਾ, "ਪਾਰਸ 'ਤੇ ਇਕ ਲੇਖ ਲਿਖ ਦਿਓ।" ਕੋਲ ਖਲੋਤੇ ਗੁਰਮੀਤ ਭਾ ਜੀ ਕਹਿੰਦੇ, "ਦੇਖਾਂਗੇ ਜਿੰਦਣ ਲਿਖਤਾ...ਕਦੇ ਨਹੀਂ।" ਬਾਬਾ ਜੀ ਅੱਧਾ ਕੁ ਮੰਨ ਤਾਂ ਗਏ, "ਓ ਯਾਰ...ਦੇਖਾਂਗਾ...।" ਖ਼ੈਰ... ਮੋਤਾ ਸਿੰਘ ਨਗਰ ਵਾਲੇ ਘਰ ਚਾਰ-ਪੰਜ ਫੇਰੇ ਮਾਰੇ ਤੇ ਪੰਦਰਾਂ-ਵੀਹ ਕਾਗਜ਼ ਪਾੜੇ। ਬਾਬਾ ਜੀ ਬੋਲਦੇ, ਮੈਂ ਲਿਖਦਾ। ਜਿਵੇਂ ਕਿਵੇਂ, ਲੇਖ ਲਿਖਿਆ ਗਿਆ, "ਹਿੱਕ ਅੰਦਰੋਂ ਜਨਮੀ ਹੇਕ-ਪਾਰਸ।"

. ਬਾਬਾ ਜਦ ਵੀ ਮਿਲਦਾ, ਤਾਂ ਲੱਗਦਾ, ਕੁਝ ਲੱਭ ਗਿਆ ਹੈ ਗੁਆਚਾ ਹੋਇਆ। ਉਹ ਕਿਤੇ ਵੀ ਛਪੀ ਹੋਈ ਲਿਖਤ ਪੜ੍ਹ ਕੇ ਚੇਤੇ ਰੱਖਦਾ ਤੇ ਉਹਦੀ ਚਰਚਾ ਕਰਕੇ ਆਪਣੇ ਸੁਭਾਵ ਤੇ ਟਿੱਪਣੀ ਦਿੰਦਾ ਸੀ। ਭਾਵੇਂ ਥੋੜ੍ਹਾ, ਭਾਵੇਂ ਬਹੁਤਾ, ਉਹ ਬਹੁਤ ਲੋਕਾਂ ਦੇ ਹਿੱਸੇ ਸੀ ਬਾਬਾ! ਹੁਣ ਤਾਂ ਉਸਦੀਆਂ ਯਾਦਾਂ ਹੀ ਹਿੱਸੇ ਵਿਚ ਹਨ, ਜਿਨ੍ਹਾਂ ਨੂੰ 'ਮਨ ਦੀ ਹਿੱਕੜੀ' ਨਾਲ ਲਾਈ ਰੱਖਾਂਗੇ।

*ਵੀ. ਪੀ. ਓ-ਘੁਗਿਆਣਾ*
*(ਫਰੀਦਕੋਟ)*



Namdhari Elibrary NamdhariElibrary@gmail.com



# ਚੌਣਵੇਂ ਪੰਜਾਬੀ ਸ਼ਿਅਰ

*ਇਕਵਿੰਦਰ ਸਿੰਘ*

- ਇਕ ਉਂਗਲੀ ਤੋਂ ਲਾਹਵਾਂ ਤੰਦਾਂ ਚਿਪਕਣ ਦੂਜੀ ਨਾਲ,
  ਐਵੇਂ ਹੀ ਛੂਹ ਮੱਕੜੀਆਂ ਦੇ ਜਾਲ ਲਏ ਨੇ ਮੈਂ।
- ਮੇਰੇ ਉੱਪਰ ਛੀਲਾਂ ਡੀਕਣ ਦਾ ਲੱਗਿਆ ਏ ਦੋਸ,
  ਇਕ ਦੋ ਤੁੱਪਕੇ 'ਇਕਵਿੰਦਰਾ' ਫਿਲਹਾਲ ਲਏ ਨੇ ਮੈਂ।
- ਅੱਠਵੀਂ ਫੇਲ੍ਹ ਮਨਿਸਟਰ ਕੋਲੋਂ 'ਇਕਵਿੰਦਰ',
  ਸੋਲਾਂ ਪੜ੍ਹਕੇ ਮੰਗਦੇ ਹਾਂ ਰੁਜ਼ਗਾਰ ਅਸੀਂ।

*ਰਜਿੰਦਰ ਪ੍ਰਦੇਸੀ*

- ਸਹਿਕਦੇ ਜ਼ਖ਼ਮਾਂ ਤੇ ਧਰ ਕੇ ਮੋਤੀਏ ਦੇ ਫੁੱਲ ਅਸੀਂ,
  ਮਹਿਕਦੇ ਫੁੱਲਾਂ ਨੂੰ ਵੀ ਤੜਪਾ ਰਹੇ ਹਾਂ ਦਿਨ-ਬ-ਦਿਨ
- ਮੰਗਕੇ ਤੱਤੀ ਹਵਾ ਦੇ ਰੂਪ ਤੇ ਰੰਗਾਂ ਦੀ ਖੈਰ,
  ਰਾਂਗਲੇ ਮੌਸਮ ਨੂੰ ਲਾਂਬੂ ਲਾ ਰਹੇ ਹਾਂ ਦਿਨ-ਬ-ਦਿਨ।
- ਵਧ ਰਹੀ ਆਪਣੇ ਚੁਫੇਰੇ ਮਾਤਮੀ ਧੁੰਨਾਂ ਦੀ ਭੀੜ,
  ਗੀਤ 'ਪ੍ਰਦੇਸੀ' ਕਿਹੇ ਇਹ ਗਾ ਰਹੇ ਹਾਂ ਦਿਨ-ਬ-ਦਿਨ।
- ਤਾਹਨਿਆਂ ਤੇ ਮਿਹਣਿਆਂ ਦੇ ਮਿਲਣਗੇ ਜਦ ਪੁਰਸਕਾਰ,
  ਚੁੰਮਕੇ ਸੀਨੇ ਨੂੰ ਲਾਈਂ ਇਹ ਮੇਰੀ ਤਾਕੀਦ ਹੈ।

  ਸ਼ਹਿਰ 'ਪਰਦੇਸੀ' ਦੇ ਵੱਲ ਨੂੰ ਸੁਣ ਹਵਾਏ ਜਾਂਦੀਏ,
  ਜਾਂਦਿਆਂ ਹੀ ਪਰਤ ਆਈਂ, ਇਹ ਮੇਰੀ ਤਾਕੀਦ ਹੈ।
- ਕਿੱਕਰ ਪਹਾੜੀ ਤੁੱਖੜੇ ਬੇਰਾਂ ਤੇ ਪੇਹਲੀਆਂ,
  ਸੌਂਦਾ ਰਿਹਾਂ ਹਾਂ ਵੇਖ ਲੈ ਕਿਸ ਕਿਸ ਦੇ ਨਾਲ ਮੈਂ।

*ਉਲਫ਼ਤ ਬਾਜਵਾ*

- ਇਹ ਤਾਂ ਹਾਜੀ ਲੋਕ 'ਉਲਫਤ' ਜਾ ਰਹੇ ਨੇ ਹੱਜ ਨੂੰ,
  ਤੂੰ ਕਿਉਂ ਤੁਰਿਆ ਜਾ ਰਿਹਾ ਏਂ ਕਾਫ਼ਿਰਾਂ ਦੇ ਨਾਲ ਨਾਲ।
- ਉਦਾਸ ਏਨਾ ਹੈ ਦਿਲ ਮੇਰਾ ਕਿ ਰੋਇਆ ਵੀ ਨਹੀਂ ਜਾਂਦਾ,
  ਗਲੇ ਲਾ ਲਾ ਕੇ ਰੁਆਓ, ਬਹੁਤ ਉਦਾਸ ਹਾਂ ਯਾਰੋ।
- ਇਹ ਮੁਲਕ ਜਾਪਦਾ ਹੈ ਨਾਭੇ ਦੀ ਜੇਲ੍ਹ ਮੈਨੂੰ,
  ਦੀਵਾਰ ਆਸੇ ਪਾਸੇ, ਦੀਵਾਰ ਅੱਗੇ ਪਿੱਛੇ।
- ਮਕਤਾ ਤੇਰਾ ਵੀ ਉਲਫਤ ਪੜ੍ਹਨਾ ਅਜ਼ਲ ਨੇ ਇਕ ਦਿਨ,
  ਛੱਡਣਾ ਹੈ ਹਰ ਕਿਸੇ ਨੇ ਸੰਸਾਰ ਅੱਗੇ ਪਿੱਛੇ।
- ਜਲੰਧਰ ਸ਼ਹਿਰ 'ਤੋਂ ਫਾਉਟੀ ਤੇ ਫਿਰ ਫਾਉਟੀ ਤੋਂ ਸ਼ਹਿਰ ਉਲਫ਼ਤ,
  ਬੜੇ ਚੱਕਰ ਲਗਾਉਂਦੇ ਹੋ ਕਦੇ ਏਧਰ, ਕਦੇ ਓਧਰ।
- ਕਦੇ ਹੰਝੂਆਂ ਦੀ ਬਾਰਸ਼ ਨਾਲ ਆਇਆ ਹੈ, ਨਾ ਆਉਣਾ ਹੈ,
  ਜਦੋਂ ਵੀ ਇਨਕਲਾਬ ਆਇਆ ਉਡਾਉਂਦਾ ਗਰਦ ਆਏਗਾ।

*ਓਂਕਾਰਪ੍ਰੀਤ ਸਿੰਘ*

- ਨਸ਼ਰ ਕਰ ਦੇਵਣ ਕਦੋਂ ਘਰ ਦੇ ਕਰੂਪ,
  ਘਰ 'ਚ ਸਜੀਆਂ ਮੂਰਤਾਂ ਦਾ ਕੀ ਪਤਾ।
- ਧਰਮ ਨੂੰ ਕਦ ਦੇਣ ਫਤਵਾ ਮੌਤ ਦਾ,
  ਭਾਈ, ਪੰਡਤ, ਕਾਜ਼ੀਆਂ ਦਾ ਕੀ ਪਤਾ।
- ਆਦਮੀਅਤ ਨੂੰ ਨਿਗਲ ਜਾਵਣ ਕਦੋਂ,
  ਮਨ 'ਚ ਬੈਠੇ ਅਜਗਰਾਂ ਦਾ ਕੀ ਪਤਾ।
- ਕੀਤਾ ਗਿਲਾ ਮੇਰੇ 'ਤੇ ਤਦ ਦਿਲ ਮੇਰੇ ਦੇ ਜ਼ਖ਼ਮਾਂ,
  ਜਦ ਠੀਕ ਠਾਕ ਆਪਣਾ ਮੈਂ ਹਾਲ ਚਾਲ ਲਿਖਿਆ।

*ਪ੍ਰਭਜੋਤ ਕੌਰ*

ਸੂਰਜ ਦਾ ਘੁੱਟ ਭਰਿਆ ਤ੍ਰਿਖਾ ਮਿਟਾਈ ਹੈ।
ਇਕ ਸਦੀਵੀ ਅੱਗ ਅੰਗਾਂ ਨੂੰ ਲਾਈ ਹੈ।

ਦੋ ਪਲ ਹੱਥੀਂ ਛਾਂ ਕਰ ਜਾਵੀਂ ਮੇਰੇ ਤੇ,
ਜਿੰਦ ਮੇਰੀ ਅਜ ਆਪੇ ਤੋਂ ਘਬਰਾਈ ਹੈ।

ਕਿਸ ਗੱਲ ਦਾ ਗ਼ਮ ਖਾਕੇ ਗੁੰਮ-ਸੁੰਮ ਹੋਇਆ ਤੂੰ,
ਉਠ ਉਠ ਡਿਗਣਾ ਲਹਿਰਾਂ ਦੀ ਵਡਿਆਈ ਹੈ।

ਹਲਕੀ ਫੁੱਲ ਹੋ ਕਾਇਆ ਚਾਨਣ ਬਣ ਬੈਠੀ,
ਦਿਹੁੰ ਰਾਤਾਂ ਦੀ ਬੇੜੀ ਪੈਰੋਂ ਲਾਹੀ ਹੈ।

*(ਡਾ.) ਰਤਨ ਸਿੰਘ ਢਿੱਲੋਂ*

ਬਾਹਾਂ ਦੇ ਵਿਚ ਲਾਲ ਵਿਲਕਦੇ, ਸਿਵਿਆਂ ਦੀ ਅੱਗ ਤੇਜ਼ ਹੋਈ,
ਕੈਸੀ ਸੁਰਖੀ ਬਿੰਦੀ ਵੇਚੀ ਪਿੰਡ 'ਚ ਆ ਸੁਨਿਆਰਾਂ ਨੇ।

ਗਲੀਆਂ ਦੇ ਵਿਚ ਖ਼ੂਨ ਦੀ ਹੋਲੀ ਖੇਲੀ ਖ਼ੂਬ ਬੰਦੂਕਾਂ ਨੇ,
ਘਰ ਘਰ ਅੰਦਰ ਸੋਗ ਮਨਾਇਆ ਸੂਫ ਦੀਆਂ ਸਲਵਾਰਾਂ ਨੇ।

ਇਕ ਦੂਜੇ ਦੇ ਸਾੜ ਆਲ੍ਹਣੇ ਇਕ ਦੂਜੇ ਤੋਂ ਲੁਕਦੇ ਹਾਂ,
ਕਿਸ ਮੰਜ਼ਲ 'ਤੇ ਆਣ ਪਹੁੰਚਾਇਆ ਬੇ-ਮਤਲਬ ਤਕਰਾਰਾਂ ਨੇ।

ਸ਼ਾਮ ਪਈ ਤਾਂ ਗ਼ਮ ਦਾ ਦੀਵਾ ਬਾਲ ਬਨੇਰੇ ਧਰ ਦਿੱਤਾ,
ਸੁਣਿਆ ਹੈ ਕਿ ਰਾਤ-ਬਰਾਤੇ ਆਉਣਾ ਹੈ ਗ਼ਮਖ਼ਾਰਾਂ ਨੇ।

*—ਪੇਸ਼ਕਾਰ ਚਰਨ ਸੀਚੇਵਾਲਵੀ*
*੪੨੮, ਗੁਰੂਨਾਨਕਪੁਰਾ (ਵੈਸਟ)*
*ਡਾਕ- ਚੌਗਿੱਟੀ, ਜਲੰਧਰ-੧੪੪੦੦੯*
*ਫੋਨ- ੦੧੮੧-੨੨੩੧੬੫੪*



Namdhari Elibrary NamdhariElibrary@gmail.com

# ਚਾਰ ਗ਼ਜ਼ਲਾਂ/ —ਡੀ. ਆਰ. ਧਵਨ

(੧)

ਤੂੰ ਸਾਡਾ ਗ਼ਮ ਜਾਣੇ ਸਾਈਂ,
ਜੀਊਂਦੇ ਤੇਰੇ ਭਾਣੇ ਸਾਈਂ।
ਕੀ ਲੈਣਾ ਹੈ ਥਾਂ-ਥਾਂ ਫਿਰ ਕੇ,
ਦਿਲ ਨੂੰ ਰੱਖ ਟਿਕਾਣੇ ਸਾਈਂ।
ਤੇਰਾ ਰਸਤਾ ਵੇਖ ਰਹੇ ਹਾਂ,
ਏਧਰ ਮੋੜ ਮੁਹਾਣੇ ਸਾਈਂ।
ਇਕ ਤੂੰ ਹੋਵੇਂ ਮੈਂ ਹੋਵਾਂ,
ਛੱਡ ਸਭ ਤਾਣੇ-ਬਾਣੇ ਸਾਈਂ।
ਤੇਰੇ ਬਿਨ ਕੀ ਜੀਣਾ ਸਾਡਾ,
ਇਹ ਗੱਲ ਤੂੰ ਵੀ ਜਾਣੇ ਸਾਈਂ।
ਤੇਰੇ ਬਾਝੋਂ ਮੇਰੇ ਦੁੱਖ ਨੂੰ,
ਕਿਹੜਾ ਹੋਰ ਪਛਾਣੇ ਸਾਈਂ।
ਸਾਨੂੰ ਤੇਰਾ ਦਰ ਜੰਨਤ ਹੈ,
ਝੂਠੇ ਰਾਜੇ ਰਾਣੇ ਸਾਈਂ।
ਖੁਦਗਰਜ਼ਾਂ ਦੀ ਇਸ ਦੁਨੀਆ ਵਿਚ,
ਦਰਦ ਨਾ ਕੋਈ ਜਾਣੇ ਸਾਈਂ।

(੨)

ਤੇਰਾ ਜਲਵਾ ਚੁਫੇਰ ਦਿਸਦਾ ਹੈ,
ਤੇਰੇ ਬਾਝੋਂ ਹਨ੍ਹੇਰ ਦਿਸਦਾ ਹੈ।
ਸਾਰੀ ਦੁਨੀਆ ਬਿਨਾਂ ਮੁਹੱਬਤ ਦੇ,
ਸਿਰਫ ਮਿੱਟੀ ਦਾ ਢੇਰ ਦਿਸਦਾ ਹੈ।
ਦਿਲ 'ਚ ਚਾਹਤ ਅਗਰ ਹੈ ਵੇਖਣ ਦੀ,
ਦੇਰ ਚਾਹੇ ਸਵੇਰ ਦਿਸਦਾ ਹੈ।
ਦੂਰ ਤੈਥੋਂ ਮੈਂ, ਦੂਰੋਂ ਤੂੰ ਮੈਥੋਂ,
ਇਕ ਮੁਕੱਦਰ ਦਾ ਫੇਰ ਦਿਸਦਾ ਹੈ।
ਕੋਲ ਰਹਿਕੇ ਵੀ ਦੂਰ ਲੱਗਦਾ ਏਂ,
ਅੱਖ ਦਾ ਹੇਰ ਫੇਰ ਦਿਸਦਾ ਹੈ।
ਜਦ ਨਜ਼ਰ ਵਿਚ ਉਹਦੀ ਤਲਾਸ਼ ਰਹੇ,
ਫੇਰ ਦਿਸਦਾ ਹੈ, ਫਿਰ ਦਿਸਦਾ ਹੈ।
ਤੇਰੀ ਸੂਰਤ ਬਿਨਾਂ ਅਸਾਂ ਨੂੰ ਤਾਂ,
ਸਾਰਾ ਆਲਮ ਹਨ੍ਹੇਰ ਦਿਸਦਾ ਹੈ।

(੩)

ਤੇਰੀ ਦੁਨੀਆ ਕਮਾਲ ਹੈ ਮੌਲਾ,
ਖ਼ੂਬਸੂਰਤ ਖਿਆਲ ਹੈ ਮੌਲਾ।
ਇਸ 'ਚੋਂ ਨਿਕਲਾਂ ਤਾਂ ਕਿਸ ਤਰ੍ਹਾਂ ਨਿੱਕਲਾਂ,
ਦੁਨੀਆ ਜੀਦਾ ਜੰਜਾਲ ਹੈ ਮੌਲਾ।
ਤੈਨੂੰ ਸਭ ਦਾ ਖਿਆਲ ਹੈ ਭਾਵੇਂ,
ਤੇਰਾ ਕਿਸਨੂੰ ਖਿਆਲ ਹੈ ਮੌਲਾ।
ਹਰ ਬਸ਼ਰ ਵਿਚ ਤੂੰ ਵਸ ਰਿਹਾ ਫਿਰ ਵੀ,
ਸਭ ਨੂੰ ਤੇਰੀ ਹੀ ਭਾਲ ਹੈ ਮੌਲਾ।
ਕਰ ਕੇ ਸਭ ਕੁਝ ਵੀ ਤੂੰ ਨਹੀਂ ਜ਼ਾਹਿਰ,
ਇਹ ਤੇਰਾ ਹੀ ਕਮਾਲ ਹੈ ਮੌਲਾ।
ਇਸ ਦੁਨੀਆਂ 'ਚ ਰਹਿਣਾ ਵੀ ਮੁਸ਼ਕਿਲ,
ਛੱਡਣਾ ਵੀ ਮੁਹਾਲ ਹੈ ਮੌਲਾ।
ਇਸ ਦੀ ਹਰ ਸ਼ੈਅ ਬੜੀ ਹੀ ਦਿਲਕਸ਼ ਹੈ,
ਦੁਨੀਆ ਸੋਨੇ ਦਾ ਜਾਲ ਹੈ ਮੌਲਾ।
ਜਿਸ ਨੂੰ ਕੋਈ 'ਧਵਨ' ਸਮਝ ਨਾ ਸਕੇ,
ਦੁਨੀਆ ਐਸਾ ਸਵਾਲ ਹੈ ਮੌਲਾ।

(੪)

ਤੌਬਾ ਤੌਬਾ ਬੋਲ ਫ਼ਕੀਰਾ।
ਸੱਚ ਦਾ ਸੌਦਾ ਤੋਲ ਫ਼ਕੀਰਾ।

ਬੇਕਦਰਾਂ ਦੀ ਸੱਥ ਵਿਚ ਬਹਿ ਕੇ;
ਦਿਲ ਦੀ ਗੰਢ ਨਾ ਖੋਲ੍ਹ ਫ਼ਕੀਰਾ।

ਗੋਰੇ ਮੁਖੜੇ, ਦਿਲ ਕਾਲੇ ਨੇ;
ਇਹ ਦੁਨੀਆ ਹੈ ਗੋਲ ਫ਼ਕੀਰਾ।

ਸੱਜਣ ਬਣ ਕੇ ਲੁੱਟ ਲੈਂਦੇ ਨੇ;
ਜੋ ਕੁੱਝ ਹੋਵੇ ਕੋਲ ਫ਼ਕੀਰਾ।

ਪੱਥਰਾਂ ਨਾਲ ਸਵਾਗਤ ਹੋਸੀ;
ਏਥੇ ਸੱਚ ਨਾ ਬੋਲ ਫ਼ਕੀਰਾ।

ਇਹ ਦੁਨੀਆ ਹੈ ਘੁੰਮਣਘੇਰੀ;
ਸਾਂਭ ਕੇ ਬੈਠੀਂ ਭੋਲ ਫ਼ਕੀਰਾ।

ਤੈਨੂੰ ਤੈਥੋਂ ਦੂਰ ਕਰੇ ਜੋ;
ਬੈਠ ਨਾ ਉਸ ਦੇ ਕੋਲ ਫ਼ਕੀਰਾ।



Namdhari Elibrary NamdhariElibrary@gmail.com

# ਚਾਰ ਗ਼ਜ਼ਲਾਂ

*—ਮਹਿਮਾ ਸਿੰਘ ਤੂਰ*

(੧)

ਮਸਰੂਰ ਜਿਹੇ ਹਰ ਹਾਲ ਨੱਚੀਏ।
ਆਓ ਮੋਘਾਂ ਦੇ ਨਾਲ ਨੱਚੀਏ।

ਮੋਘਾਂ ਬਿਨਾ ਸਾਡਾ ਜੀਵਨ ਅਧੂਰਾ ਹੈ,
ਹਰ ਹਾਲ ਸਦਾ, ਹਰ ਸਾਲ ਨੱਚੀਏ।

ਆਓ ਕੁਦਰਤ ਦਾ ਤਾਲ ਸਾਂਭੀਏ,
ਸਾਹਾਂ ਵਿਚ ਭਰ ਸੁਰਤਾਲ ਨੱਚੀਏ।

ਚੰਦ ਅਤੇ ਸੂਰਜ ਅੱਖਾਂ 'ਚ ਭਰ ਕੇ,
ਭਰ ਕੇ ਸਿਤਾਰਿਆਂ ਦਾ ਥਾਲ ਨੱਚੀਏ।

ਨੱਚ ਨਹੀਂ ਹੁੰਦਾ, ਹਰ ਕਿਸੇ ਨਾਲ ਵੀ,
'ਤੂਰ' ਜਿਹੇ ਯਾਰਾਂ ਦੇ ਨਾਲ ਨੱਚੀਏ।

(੨)

ਚਿੰਤਨ ਦਾ ਆਕਾਸ਼ ਬੜਾ ਬੁਲੰਦ ਸੀ।
ਜੀਵਨ ਭਾਵੇਂ ਕੈਦ ਲਈ ਪਾਬੰਦ ਸੀ।

ਡਾਲੀ ਦੇ ਸੰਗ ਟਹਿਕ ਰਿਹਾ ਜੋ ਫੁੱਲ ਸੀ,
ਯਾਦਾਂ ਦੀ ਪੁਸਤਕ ਵਿਚ ਹੁਣ ਗੁਲਕੰਦ ਸੀ।

ਮੈਂ ਲੰਘਿਆ ਸਾਂ ਬਣ ਕੇ ਝੋਂਕਾ ਪੌਣ ਦਾ,
ਤੇਰੇ ਕਮਰੇ ਦੀ ਹਰ ਖਿੜਕੀ ਬੰਦ ਸੀ।

ਰਸ ਲੈ ਕੇ ਜਦ ਉੱਡਣ ਲੱਗਿਆ,
ਫੁੱਲ ਦੀਆਂ ਬਾਹਾਂ ਵਿਚ ਭੌਰਾ ਬੰਦ ਸੀ।

ਆਸ਼ਿਕ ਸੀ ਉਹ ਤਾਂ ਜੀਵਨ ਦੇ ਹੁਸਨ ਦਾ,
'ਤੂਰ' ਕਿਸੇ ਦੇ ਹੱਥਾਂ ਦਾ ਨਾ ਸੰਦ ਸੀ।

(੩)

ਕੀ ਚਾਹੁੰਦਾ ਹੈ ਪਿਆਰ ਮੈਨੂੰ ਕੁਝ ਨਹੀਂ ਪਤਾ।
ਦਿਲ ਕਿਉਂ ਹੈ ਬੇਕਰਾਰ ਮੈਨੂੰ ਕੁਝ ਨਹੀਂ ਪਤਾ।

ਜਾਗ ਖੁੱਲ੍ਹੀ ਤਾਂ ਬਾਗ਼ ਵਿਚ ਫੁੱਲ ਟਹਿਕਦੇ ਮਿਲੇ,
ਆਈ ਹੈ ਕਦ ਬਹਾਰ ਮੈਨੂੰ ਕੁਝ ਨਹੀਂ ਪਤਾ।

ਦਿਲ ਵਿਚ ਮੇਰੇ ਪਿਆਰ ਦੀ ਝਰਨਾਟ ਹੈ ਛਿੜੀ,
ਕੀ ਹੈ ਪਿਆਰ ਦੀ ਨੁਹਾਰ ਮੈਨੂੰ ਕੁਝ ਨਹੀਂ ਪਤਾ।

ਜਦ ਪੈ ਜਾਵੇ ਦਰਾਰ, ਫਿਰ ਨਾ ਦਿਲ ਮਿਲੇ ਕਦੇ,
ਕਿਉਂ ਪੈਂਦੀ ਹੈ ਦਰਾਰ ਮੈਨੂੰ ਕੁਝ ਨਹੀਂ ਪਤਾ।

ਵਰਸਣ ਨੂੰ ਸੀ ਕਈ ਦਿਨਾਂ ਦੀ ਫਿਰ ਰਹੀ ਘਟਾ,
ਕਦ ਪੈਣ ਲੱਗੀ ਫੁਹਾਰ ਮੈਨੂੰ ਕੁਝ ਨਹੀਂ ਪਤਾ।

(੪)

ਐਨਕਾਂ ਲਈਆਂ ਲਗਾ ਤੂੰ ਕਾਲੀਆਂ,
ਕਿੰਜ ਵੇਖੇਂਗਾ ਤੂੰ ਹਰੀਆਂ ਡਾਲੀਆਂ?

ਜੱਟ ਦੇ ਕੋਲੋਂ ਕੌਣ ਲੁੱਟ ਕੇ ਲੈ ਗਿਆ,
ਪੁੱਤਰਾਂ ਦੇ ਵਾਂਗ ਫਸਲਾਂ ਪਾਲੀਆਂ।

ਕੀ ਬਣਿਆ ਹੈ ਉਸ ਪੰਜਾਬਣ ਨਾਰ ਦਾ,
ਵੇਖ ਜਿਸ ਨੂੰ ਹਲ ਡੱਕੇ ਸੀ ਹਾਲੀਆਂ।

ਦਿਲ ਦੇ ਵਿਚ ਜੋ ਤੀਰ ਵਾਂਗੂ ਲੱਗੀਆਂ,
ਉਹ ਹੀ ਗੱਲਾਂ ਗ਼ਜ਼ਲਾਂ ਦੇ ਵਿਚ ਢਾਲੀਆਂ।

ਕਿਸ ਨੇ ਲੁੱਟਿਆ, ਆਬ ਵੀ 'ਪੰਜਾਬ' ਦਾ,
ਕੱਸੀਆਂ-ਸੂਏ ਬਣੇ ਨੇ ਖ਼ਾਲੀਆਂ।

*ਹਲਵਾਰਾ (ਲੁਧਿਆਣਾ)*
*੧੪੧੧੦੭*



Namdhari Elibrary NamdhariElibrary@gmail.com

## ਗੀਤਾਂ ਦੀ ਗੰਢ

*—ਦਲਬੀਰ ਸਿੰਘ ਤਰਸ*

(੧)

ਗੀਤਾਂ ਦੀ ਗੰਢ ਪ੍ਰਭ ਜੀ ਮੇਰੇ, ਘਰਿ[1] ਦਰਸ ਤੁਹਾਰੇ ਹੋਏ,
ਬਦਲ ਗਈ ਤਕਦੀਰ ਅਸਾਂ ਦੀ, ਆਪੇ ਸੰਗਤਿ[2] ਆਪ ਪਰੋਏ।

ਚਰਨਾਂ ਤੋਂ ਅਸੀਂ ਸੀਸ ਵਾਰਿਆ, ਮਸਤਕ ਵਿੱਚੋਂ ਫੁੱਟੀ ਗੰਗਾ,
ਧਾਰਾ ਨੇ ਸਾਨੂੰ ਸਬਜ਼ ਬਣਾਇਆ, ਜਾਂ ਤੇਰਾ ਸਭ ਚੰਗਾ ਚੰਗਾ।

ਏਕ ਸ਼ਬਦ ਦੀ ਰੌਂ[3] ਵਿਚ ਵਿਚਰੇ, ਮੇਲ ਮਲਾਵਣ ਵਾਲਾ ਤੂੰ,
ਬਾਹਰ ਇਸ ਤੋਂ ਆਏ ਨਾ ਸੱਕਾਂ, ਦੇਣ ਵਾਲਾ ਰਖਵਾਲਾ ਤੂੰ।

ਸਦਗੁਣ ਸਾਗਰਿ[4] ਕਰ ਇਸ਼ਨਾਨਾ, ਸੁੱਖ ਮਾਣਿਆਂ ਕਾਇਆ ਨੇ,
ਜਗਤ ਵਿਚ ਅਡੋਲ ਵਿਚਰਦੇ, ਨਾ ਜ਼ੋਰ ਵਖਾਇਆ ਮਾਇਆ ਨੇ।

ਸਤਿਗੁਰੂ ਪੀਆ! ਅਕੱਥ ਕੀ ਆਖਾਂ, ਇਹ ਪੰਡ ਤੇਰੇ ਉਪਕਾਰਾਂ ਦੀ,
ਹਰ ਰਾਹ ਸਾਡੇ ਚਾਨਣ ਕਰ ਗਈ, ਇਕ ਸ਼ਬਦ ਜੋਤ ਦਿਲਦਾਰਾਂ ਦੀ।

ਪੈਂਦੀ ਭੂਰ[5] ਦਾਤਾਰਾਂ ਦੀ, ਪ੍ਰਭੂ ਜੀ! ਸ਼ਬਦ ਜੋਤ ਦਿਲਦਾਰਾਂ ਦੀ।

੧.ਘਰਿ-ਹਿਰਦੇ ਵਿਚ, ੨ ਸੰਗਤਿ-ਸੰਗਤ ਵਿਚ, ੩.ਰੌ-ਆਤਮਕ ਵਹਾ,
੪ ਸਾਗਰਿ-ਸਾਗਰ ਵਿਚ, ੫.ਭੂਰ-ਆਤਮਕ ਰਸ।

(੨)

ਗੀਤਾਂ ਦੀ ਗੰਢ ਪ੍ਰਭ ਜੀ ਮੇਰੇ, ਮੁਹੇ ਜੋਤ ਜੜੁੱਤੀ[1] ਰਹਿਣ ਦਿਓ,
ਇਸ ਘਟੀ ਸ਼ਬਦ ਦੀ ਵਾਦੀ[2] ਦੇ ਵਿਚ, ਸੁਣਨ ਦਿਓ ਕੁੱਝ ਕਹਿਣ ਦਿਓ।

ਜਾਗ ਉੱਠੀ ਪ੍ਰਭਾਤ ਗੀਤਾਂ ਦੀ, ਸੂਰੋਂ[3] ਕਿਰਨ ਉਡੀਕ ਰਹੀ,
ਸੱਤ ਦਾ ਮਾਰਗ ਨਜ਼ਰੀਂ ਪੈ ਜਏ, ਨੇਤਰ ਨਵੇਂ ਉਲੀਕ ਰਹੀ।

ਪਸਰਨ ਲੱਗੇ ਘੁੱਪ ਅਨ੍ਹੇਰਾ, ਏਕ ਸ਼ਬਦ ਆਏ ਚਾਨਣੂ[4] ਮੇਰੇ,
ਏਸ ਰਤਨ ਦੇ ਚਾਨਣ ਵਿੱਚੋਂ, ਰੰਗਣ ਲੱਗਿਆਂ ਸਭਸ ਸਵੇਰੇ।

ਕੂੜਾ[5] ਪਸਾਰਾ ਇਸ ਜੱਗ ਵਾਸਾ, ਬਣਿਆਂ ਅੱਜ ਪਰਧਾਨ,
ਗਾ ਗਾ ਗੀਤ ਬੁਢਾਪੇ ਪੁੱਜੇ, ਨਿਰਬਲ ਹੋ ਗਏ ਪਰਾਨ।

ਜਾਂ ਭੇਜੇ ਕੋਈ ਪਰਲੋ ਜੱਗ ਤੇ, ਉਸਰੇ ਸੱਚੂ[6] ਜਹਾਨ,
ਜਾਂ ਬਖਸ਼ੀਸ਼ ਦੀ ਹੋਏ ਬਰਖਾ, ਗੀਤ ਰਹਿਣ ਬਲਵਾਨ।

ਸੱਚ ਪਾਏ ਸਨਮਾਨ, ਪ੍ਰਭੂ ਜੀ! ਉਸਰੇ ਨਵਾਂ ਜਹਾਨ।

੧.ਜੋਤ ਜੜੁੱਤੀ-ਜੋਤ ਦੀ ਸੰਗਤ ਵਿਚ, ੨ ਸ਼ਬਦ ਦੀ ਵਾਦੀ-ਆਤਮਕ ਰਸ, ੩ ਸੂਰੋਂ- ਪ੍ਰਭੂ ਪਾਸੋਂ, ੪.ਚਾਨਣ-ਚੇਤਨਤਾ, ੫.ਕੂੜ-ਕੂੜ ਦਾ, ੬ ਸੱਚੂ-ਸਦ ਗੁਣੀ ਭਰਪੂਰ।

## ਸਰਾਪਿਆ ਯੁੱਗ

*—ਕੁਲਵੰਤ ਜਗਰਾਉਂ*

ਅਸੀਂ
ਇਹ ਕੇਹੋ ਜਿਹੇ
ਸਰਾਪੇ ਯੁੱਗ 'ਚ
ਜੀਅ ਰਹੇ ਹਾਂ
ਕਿ ਸਾਡੇ ਹਿਰਦਿਆਂ 'ਚੋਂ
ਮੁਹੱਬਤ ਦਇਆ ਦੇ ਚਸ਼ਮੇ
ਸੁਕਦੇ ਜਾ ਰਹੇ ਨੇ।
ਖ਼ਤਮ ਹੁੰਦਾ ਜਾ ਰਿਹੈ ਸਾਡੇ ਮਨਾਂ 'ਚੋਂ
ਮਾਪਿਆਂ, ਵੱਡਿਆਂ ਦਾ ਆਦਰ।
ਛੋਟਿਆਂ ਲਈ ਮੋਹ,
ਕੁਰਬਾਨੀ ਦਾ ਜਜ਼ਬਾ,
ਪਤਾ ਨਹੀਂ ਕਿਧਰ ਉੱਡ ਗਿਆ ਹੈ।
ਭੁੱਲਦੇ ਜਾ ਰਹੇ ਹਾਂ ਅਸੀਂ
ਫੁੱਲਾਂ ਬੂਟਿਆਂ
ਜੀਵਾਂ ਜੰਤੂਆਂ
ਕੁਦਰਤ ਨੂੰ ਪਿਆਰ ਕਰਨਾ।
ਅਸੀਂ ਤਾਂ ਹੁਣ ਸ਼ੋਰ ਨੂੰ ਹੀ
ਸੰਗੀਤ ਸਮਝਣ ਲੱਗ ਪਏ ਹਾਂ
ਮਰਦੇ ਜਾ ਰਹੇ ਨੇ ਸਾਡੇ ਦਿਲਾਂ 'ਚੋਂ
ਕੂਲੇ ਜਜ਼ਬੇ ਤੇ ਅੰਬਰੀ ਸੁਪਨੇ
ਹਿੰਸਾ ਨਫ਼ਰਤ ਈਰਖਾ
ਅਸ਼ਲੀਲਤਾ ਤੇ ਲੋਭ ਨੇ
ਬਣਾ ਲਿਆ ਹੈ
ਸੋਚ ਸਾਡੀ ਨੂੰ ਗੁਲਾਮ।
ਅਸੀਂ ਤਾਂ ਹੁਣ ਇਨਸਾਨ ਤੋਂ
ਰੋਬਿਟ ਕੰਪਿਊਟਰ ਮਸ਼ੀਨਾਂ
ਬਣਦੇ ਜਾ ਰਹੇ ਹਾਂ
ਜਿਨ੍ਹਾਂ ਨੂੰ
ਦੌਲਤ, ਰਾਜਸੀ ਸੱਤਾ ਦੇ ਲੋਭੀ
ਜਿਵੇਂ ਚਾਹੁਣ, ਓਵੇਂ ਨਚਾਉਂਦੇ ਹਨ।
ਅਸੀਂ, ਇਹ ਕੇਹੋ ਜਿਹੇ
ਸਰਾਪੇ ਯੁੱਗ 'ਚ ਜੀਅ ਰਹੇ ਹਾਂ, ਕਿ ਆਪਣਾ ਆਪਾ
ਤੇ ਆਪਣਿਆਂ ਨੂੰ ਹੀ ਭੁਲਦੇ ਜਾ ਰਹੇ ਹਾਂ।

*੪-ਸ਼ਹੀਦ ਕਰਨੈਲ ਸਿੰਘ ਨਗਰ ਫੇਜ਼-੨*
*ਪਖੋਵਾਲ ਰੋਡ ਲੁਧਿਆਣਾ-੧੩*
*ਫੋਨ- ੦੧੬੧-੨੫੬੧੪੩੩*



Namdhari Elibrary NamdhariElibrary@gmail.com

# ਪੰਜਾਬੀ

—ਭੁਪਿੰਦਰ ਉਸਤਾਦ

ਆਉ ਪੰਜਾਬੀ ਪਿਆਰਿਓਂ, ਰਲ ਕੇ ਸੌਂਹ ਇਕ ਖਾਈਏ,
ਆਪਸ ਵਿਚ ਬੋਲੀਏ ਸਿਰਫ ਪੰਜਾਬੀ, ਸਭ ਨੂੰ ਸਮਝਾਈਏ।

ਮਾਖਿਓਂ ਮਿੱਠੀ ਸ਼ਾਨਾ ਮੱਤੀ ਹੈ ਪਿਆਰੀ ਬੋਲੀ ਸਾਡੀ
ਰਲ ਮਿਲ ਕੇ ਹੋਰ ਚਾਰ ਚੰਨ ਸ਼ਾਨ ਇਦ੍ਹੀ ਨੂੰ ਲਾਈਏ।

ਭੱਜੀਏ ਨਾਂ ਇਸ ਤੋਂ, ਇਹ ਤਾਂ ਸਾਡੀ ਮਾਂ ਬੋਲੀ ਹੈ ਪਿਆਰੀ,
ਇਸ ਨੂੰ ਬੋਲਣ ਲੱਗੇ ਘਬਰਾਈਏ ਨਾ ਸ਼ਰਮਾਈਏ।

ਕਰੀਏ ਇਸ ਦੀ ਇੱਜ਼ਤ, ਦੇ ਕੇ ਦਰਜਾ ਸਭ ਤੋਂ ਉੱਤੇ
ਬਣੀਏ ਰਹਿਬਰ ਇਸਦੇ, ਇਸ ਨੂੰ ਗਲੇ ਲਗਾਈਏ।

ਬੋਲੀਆਂ ਸਾਰੀਆਂ ਮਿੱਠੀਆਂ, ਆਪੋ ਆਪਣੇ ਥਾਂ,
ਪਹਿਲਾਂ ਬੋਲੀ ਆਪਣੀ, ਇਸ ਨੂੰ ਸਿਰ ਦਾ ਤਾਜ ਬਣਾਈਏ।

ਇਸ ਦੇ ਵਲੋਂ ਜੋ ਮੂੰਹ ਮੋੜ ਰਹੇ ਹਨ,
ਬਠਾ ਕੇ ਪਿਆਰ ਨਾਲ ਉਨ੍ਹਾਂ ਨੂੰ ਸਮਝਾਈਏ।

ਇਹ ਬੋਲੀ ਬਾਬੇ ਫ਼ਰੀਦ ਤੇ ਬਾਬੇ ਨਾਨਕ ਦੀ
ਖੁਸ਼ਬੂ ਇਦ੍ਹੀ ਸਾਰੇ ਜੱਗ ਤੇ ਫੈਲਾਈਏ।

ਤਾਂ ਹੀ ਸੱਚੇ ਪੁੱਤ ਪੰਜਾਬੀ ਅਸੀਂ ਕਹਾਈਏ।
ਆਉ ਪੰਜਾਬੀ ਪਿਆਰਿਓ ਰਲ ਕੇ ਸੌਂਹ ਇਕ ਖਾਈਏ।

ਆਪਸ ਵਿਚ ਬੋਲੀਏ ਪੰਜਾਬੀ, ਸਭ ਨੂੰ ਇਹ ਸਮਝਾਈਏ।
ਆਉ ਪੰਜਾਬੀ ਪਿਆਰਿਓ ਰਲ ਕੇ ਸੌਂਹ ਇਕ ਖਾਈਏ।

ਈ ਜੀ ੯੧੯ ਗੋਬਿੰਦਗੜ੍ਹ
ਜਲੰਧਰ ੧੪੪੦੦੧
ਫੋਨ-੯੮੭੬੨੦੮੫੪੨

ਇਹ ਹਾਸੇ ਪਿਆਸੇ ਨਹੀਂ ਰਹਿਣ ਦੇਂਦੀ, ਹੱਸਦੀ ਜਦੋਂ ਬਸੰਤ ਬਹਾਰ ਬਣ ਕੇ ਅੱਗ ਲਾ ਦੇਂਦੀ ਸੱਤਾਂ ਸਾਗਰਾਂ ਨੂੰ, ਗੁੱਸਾ ਕੱਢਦੀ ਜਦੋਂ ਅੰਗਿਆਰ ਬਣ ਕੇ ਸਾਹ ਸੁੱਕ ਜਾਂਦੇ ਓਦੋਂ ਬਿਜਲੀਆਂ ਦੇ, ਲਿਸ਼ਕੇ ਤਾਕਤ ਦੀ ਜਦੋਂ ਤਲਵਾਰ ਬਣਕੇ ਬੁੱਲਾਂ ਉਤੇ ਨਹੀਂ ਬੁਜ਼ਦਿੱਲੀ ਰਹਿਣ ਦੇਂਦੀ, ਜਦੋਂ ਬੋਲਦੀ ਚੰਡੀ ਦੀ ਵਾਰ ਬਣ ਕੇ ਬੂਹੇ ਖੁੱਲ੍ਹੇ ਨੇ ਇਹਦੀਆਂ ਬਰਕਤਾਂ ਦੇ, ਤੇਰ, ਮੇਰ ਨਹੀਂ ਇਹਦੇ ਦਰਬਾਰ ਅੰਦਰ ਇਨਕਲਾਬ ਦੀ ਸੱਕੀ ਇਹ ਭੈਣ ਸਕਰੀ, ਸਾਨੀ ਕੋਈ ਨਹੀਂ ਇਹਦਾ ਸੰਸਾਰ ਅੰਦਰ



# ਗ਼ਜ਼ਲ

—ਗੁਰਦਿਆਲ ਰੌਸ਼ਨ

ਹੈ ਤਿਰੀ ਸੂਰਤ ਵੀ ਸੋਹਣੀ ਹੈ ਤਿਰਾ ਨਾਂ ਵੀ ਕਮਾਲ।
ਐ ਜਨਮ ਭੂਮੀ ਮਿਰੀ ਧੁੱਪ ਵੀ ਤਿਰੀ ਛਾਂ ਵੀ ਕਮਾਲ।

ਖ਼ੂਬ ਹਨ ਦਾਦਾ ਤੇ ਦਾਦੀ ਭੈਣ ਭਾਈ ਨਾਨਕੇ,
ਬਾਪ ਪਰ ਲਗਦਾ ਹੈ ਪਿਆਰਾ ਸ਼ਬਦ ਹੈ ਮਾਂ ਵੀ ਕਮਾਲ।

ਐ ਵਤਨ ਮੇਰੇ ਨਹੀਂ ਹੈ ਕੋਈ ਵੀ ਤੇਰਾ ਜਵਾਬ,
ਖ਼ੂਬ ਹਨ ਮੌਸਮ ਵੀ ਸਾਰਾ ਸਾਲ ਰੁੱਤਾਂ ਵੀ ਕਮਾਲ।

ਆਪਣੇ ਅੰਦਰ ਤੂੰ ਕੀ ਕੀ ਸਾਂਭਿਐ ਮੈਨੂੰ ਪਤੈ,
ਇਸ ਬਦਨ ਅੰਦਰ ਮਿਰੇ ਦਿਲ ਹੈ ਤਿਰੀ ਥਾਂ ਵੀ ਕਮਾਲ।

ਤੂੰ ਬੁਲੰਦੀ ਦਾ ਏਂ ਪਰਚਮ ਐ ਸਰੂ ਦੇ ਬੂਟਿਆ,
ਫੁੱਲ ਨਹੀਂ ਤੇਰੇ ਤਿਰਾ ਪਰ ਰੂਪ ਹੈ ਤਾਂ ਵੀ ਕਮਾਲ।

ਖ਼ੂਬ ਜਚਦਾ ਏਂ ਜਦੋਂ ਤੂੰ ਮੁਸਕਰਾ ਕੇ ਘੂਰਦੈਂ,
ਚੁੱਪ ਵੀ ਤੇਰੀ, ਤੇਰੀ ਨਾਂਹ ਵੀ, ਤੇਰੀ ਹਾਂ ਵੀ ਕਮਾਲ।

ਪੁਰਕਸ਼ਿਸ਼ ਹਨ ਘੁੱਗੀਆਂ 'ਤੇ ਸਾਰਕ਼ਾਂ ਦੇ ਬੋਲ ਵੀ,
ਕੰਧ 'ਤੇ ਬੈਠੇ ਇਨ੍ਹਾਂ ਕਾਵਾਂ ਦੀ ਕਾਂ ਕਾਂ ਵੀ ਕਮਾਲ।

ਹੈ ਨਹੀਂ ਚੰਗੀ ਜ਼ਰਾ ਲਗਦੀ ਹੈ ਚੰਗੀ ਫੇਰ ਵੀ,
ਹੈ ਅਜਬ ਮੋਹ ਏਸ ਦਾ ਸੱਚਮੁਚ ਇਹ ਦੁਨੀਆਂ ਵੀ ਕਮਾਲ।

ਤੂੰ ਕਲਮ ਦੇ ਨਾਲ ਪੱਥਰ ਤੋੜਦੈਂ ਕਿਆ ਬਾਤ ਹੈ,
ਵਹੁੰਨਾਂ ਏਂ ਸ਼ਿਅਰਾਂ ਦੇ ਵਿਚ 'ਰੌਸ਼ਨ' ਤੂੰ ਡਾਂਗਾਂ ਵੀ ਕਮਾਲ।

—ਬੀ-੩੩/੧੫੧੦, ਨਿਊ ਅਸ਼ੋਕ ਨਗਰ-ਏ
ਜਲੰਧਰਬਾਈ ਪਾਸ, ਲੁਧਿਆਣਾ-੮ -੯੯੮੮੪੪੪੦੦੨



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

# "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ"

—ਸੁਰਜੀਤ ਸਿੰਘ ਜੀਤ, ਲੰਡਨ

ਵਾਸਤਾ ਈ ਆ ਜਾ ਸਾਡੇ ਚੀਨੀ ਅਸਵਾਰ ਜੀ,
ਬਿਰ੍ਹਾਂ ਦੇ ਤੀਰ ਨਾ ਹੋਰ ਸਾਡੇ ਮਾਰ ਜੀ,
ਦਿਲ ਦੀਆਂ ਕੰਧਾਂ ਨੇ ਵਿਯੋਗ ਵਿਚ ਹੱਲੀਆਂ;
ਵਿਹੜਾ ਸੁੰਨਾ ਦਿਲ ਦਾ ਹੈ 'ਜੀਤ' ਬੇਕਰਾਰ ਜੀ।
(ਰਣਜੀਤ ਕੌਰ 'ਜੀਤ')।

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਅੱਸਵਾਰ ਪਾਤਸ਼ਾਹ ਜੀ ਗੱਡੇ ਉੱਪਰ ਬੈਠ ਜਲਾਵਤਨ ਹੋਣ ਲਈ ਸ੍ਰੀ ਭੈਣੀ ਸਾਹਿਬ ਤੋਂ ਚਾਲੇ ਪਾਉਂਦੇ ਹਨ, ਤਦ ਸੰਗਤਾਂ ਵੈਰਾਗ ਕਰਦੀਆਂ ਹਨ। ਉਸ ਵਕਤ ਬਾਬਾ ਜੱਸਾ ਸਿੰਘ ਜੀ ਨੇ ਅਰਜੋਈ ਕੀਤੀ ਕਿ, 'ਆਪ ਦੇ ਘਰ ਕੋਈ ਲੜਕਾ ਨਹੀਂ ਹੁਣ ਆਪ ਪ੍ਰਦੇਸ ਤੁਰ ਚੱਲੇ ਹੋ ਮੈਂ ਪੋਤਰੇ ਦਾ ਮੁੱਖ ਵੇਖਣ ਲਈ ਸਾਰੀ ਉਮਰ ਹੀ ਤਰਸਦਾ ਰਹਾਂਗਾ?'

ਤਦ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ, 'ਮੇਰੇ ਛੋਟੇ ਭਾਈ ਬੁੱਧ ਸਿੰਘ ਦੇ ਘਰ ਵੱਡੇ ਪ੍ਰਤਾਪ ਵਾਲਾ ਪੁੱਤਰ ਜਨਮ ਲਵੇਗਾ, ਜੋ ਗੋਰਿਆਂ ਨੂੰ ਇਸ ਦੇਸ਼ ਵਿਚੋਂ ਬਾਹਰ ਕੱਢੇਗਾ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਨਾਮ-ਬਾਣੀ ਦਾ ਪ੍ਰਵਾਹ ਵੀ ਚਲਾਏਗਾ।' ਇਸੇ ਪਵਿੱਤਰ ਵਰ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਚੇਤਰ ਵਦੀ ਤੀਜ ਸੰਮਤ ੧੯੪੬ ਬਿਕ੍ਰਮੀ ਅਰਥਾਤ ੯ ਮਾਰਚ ੧੮੮੯ ਈ. ਨੂੰ ਮਾਤਾ ਜੀਵਨ ਕੌਰ ਜੀ ਅਤੇ ਪਿਤਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਹੋਇਆ। ਆਪ ਜੀ ੧੯੦੬ ਈ. ਵਿਚ ਗੁਰਗੱਦੀ ਉਪਰ ਬੈਠੇ, ੧੯੦੭ ਈ. ਵਿਚ ਆਪ ਜੀ ਨੇ ਅੱਸੂ ਦੇ ਮਹੀਨੇ 'ਨਾਮ ਜੱਪ ਪ੍ਰਯੋਗ' ਸ਼ੁਰੂ ਕੀਤਾ। ਇਸੇ ਸਾਲ ਹੀ ਜਦੋਂ ਸ. ਅਜੀਤ ਸਿੰਘ ਮਾਂਡਲੇ ਜੇਲ 'ਚੋਂ ਛੁੱਟ ਕੇ ਪੰਜਾਬ ਆਉਂਦੇ ਹਨ ਉਹਨਾਂ ਦਾ ਸੁਆਗਤ ਆਪ ਜੀ ਨੇ ਲਾਹੌਰ ਸਟੇਸ਼ਨ 'ਤੇ ਕੀਤਾ ਅਤੇ ਸਨਮਾਨ ਵਿਚ ਭਾਰੀ ਸਮਾਗਮ ਕੀਤਾ। ੧੯੦੯ ਈ. ਵਿਚ ਆਪ ਜੀ ਦੀ ਕ੍ਰਿਪਾ ਸਦਕਾ ਹੀ ਮਹਾਰਾਜਾ ਨਾਭਾ ਵਲੋਂ ਪੰਜਾਬ ਅਸੈਂਬਲੀ ਵਿਚ ਅਨੰਦ ਮੈਰਿਜ ਐਕਟ ਪੇਸ਼ ਕੀਤਾ ਗਿਆ ਜੋ ੧੯੧੧ ਈ. ਵਿਚ ਐਕਟ ਦੇ ਰੂਪ ਵਿਚ ਲਾਗੂ ਹੋਇਆ। ਮਹਾਰਾਜਾ ਨਾਭਾ ਸ. ਰਿਪਦੁਮਨ ਸਿੰਘ ਦੇ ਘਰ ਆਪ ਜੀ ਦੇ ਵਰ ਨਾਲ ਹੀ ਪੁੱਤਰ ਦਾ ਜਨਮ ਹੋਇਆ ਸੀ ਉਸ ਨੇ ਸ੍ਰੀ ਭੈਣੀ ਸਾਹਿਬ ਲੰਗਰ ਨੂੰ ਨਾਭੇ ਦੀ ਬੀੜ ਜੋ ਕੂਕਿਆਂ ਦੀ ਬੀੜ ਕਰਕੇ ਮਸ਼ਹੂਰ ਹੋਈ ਦਾਨ ਕੀਤੀ ਸੀ ਉਹਨਾਂ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਜੀ ਨੂੰ ਰੋਲਸ ਰਾਇਸ ਕਾਰ ਵੀ ਭੇਟ ਕੀਤੀ ਗਈ ਸੀ। ਨਾਮਧਾਰੀ ਸਿੰਘਾਂ ਨਾਲ ਬੜੇ ਨੇੜਲੇ ਚੰਗੇ ਸਬੰਧਾਂ ਕਰਕੇ ਹੀ ਮਹਾਰਾਜੇ ਨੂੰ ਬਹੁਤ ਤਸੀਹੇ ਝਲਣੇ ਪਏ ਅਤੇ ਅੰਤ ਨੂੰ ਜਲਾਵਤਨ ਹੋਣਾ ਪਿਆ।

ਅੰਗਰੇਜ਼ੀ ਸਰਕਾਰ ਅਤੇ ਸਰਕਾਰੀ ਪਿੱਠੂਆਂ ਦੀ ਸ਼ਹਿ ਉਪਰ ੧੯੨੩ ਈ. ਵਿਚ ਪਹਿਲੀ ਵਾਰ ਨਾਮਧਾਰੀ ਅਤੇ ਅਕਾਲੀਆਂ ਦੀ ਝੱੜਪ ਤਰਨਤਾਰ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ। ਇਹ ਵੱਧਦੀ ਕੁੜੱਤਣ ੧੯੨੯ ਈ. ਵਿਚ ਪ੍ਰਤੱਖ ਦਿਖਾਈ ਦਿੱਤੀ ਜਦੋਂ ਅਕਾਲੀ ਆਗੂ ਬਾਬਾ ਖੜਕ ਸਿੰਘ ਨੇ ਲਾਹੌਰ ਰਾਵੀ ਕੰਢੇ ਹੋਈ ਕਾਂਗਰਸ ਦੇ ਸਾਲਾਨਾ ਇਜਲਾਸ ਦਾ ਬਾਈਕਾਟ ਕੀਤਾ ਅਤੇ ਨਾਮਧਾਰੀ ਸਿੰਘਾਂ ਵਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ ਸੀ। ਇਸ ਕਾਨਫਰੰਸ ਵਿਚ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ ਅਤੇ ਤਰੰਗੇ ਝੰਡੇ ਦੀ ਸਥਾਪਨਾ ਕੀਤੀ ਗਈ ਸੀ। ਗੋਰਿਆਂ ਦੀ ਕੁਟੱਲ 'ਪਾੜੋ ਤੇ ਰਾਜ ਕਰੋ' ਦੀ ਨੀਤੀ ਕਰਕੇ ਸਿੱਖਾਂ ਵਿਚ ਮੱਤਭੇਦ ਵਧਦੇ ਜਾ ਰਹੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਇਸ ਕਾਨਫਰੰਸ ਵਿਚ ਪਾਏ ਗਏ ਯੋਗਦਾਨ ਬਾਰੇ ਕੌਮੀ ਆਗੂ (ਗਦਰੀ) ਬਾਬਾ ਗੁਰਦਿਤ ਸਿੰਘ ਕਾਮਾਗਾਟਾਮਾਰੂ ਜਹਾਜ਼ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦੀ ਇਸ ਬਾਰੇ ਬੜੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਸੀ ਕਿ "ਨਾਮਧਾਰੀ ਸੰਪਰਦਾਏ ਦੇ ਆਗੂ ਸ੍ਰੀ ਮਾਨ (ਗੁਰੂ) ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਨੇ ਸੁਚੱਜੀ ਅਗਵਾਈ ਨੇ ਸਿੱਖਾਂ ਉਪਰ ਲੱਗਣ ਵਾਲੇ ਕਾਲੇ ਧੱਬੇ ਤੋਂ ਕੌਮ ਨੂੰ ਬਚਾ ਲਿਆ ਹੈ।"

ਨਾਮਧਾਰੀ ਅਤੇ ਅਕਾਲੀ ਸਿੰਘਾਂ ਵਿਚ ਵੱਧਦੇ ਫਰਕ ਨੂੰ ਵੇਖ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੩੪ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ ਕਾਨਫਰੰਸ" ਅਯੋਜਿਤ ਕੀਤੀ ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ "ਹਰ ਸੰਪ੍ਰਦਾਇ ਆਪਣੇ ਵਿਸ਼ਵਾਸ ਅਨੁਸਾਰ ਮੰਡਣ ਰੂਪ (ਮੰਨਣ ਰੂਪ) ਵਿਚ ਪ੍ਰਚਾਰ ਕਰੇ ਅਤੇ ਕਿਸੇ ਵੀ ਖੰਡਣ ਰੂਪ ਦਾ ਪ੍ਰਚਾਰ ਨਾ ਕੀਤਾ ਜਾਵੇ।" ਨਾਮਧਾਰੀ ਸਿੰਘਾਂ ਵਲੋਂ ਬੜੀ ਪ੍ਰਪੱਕਤਾ ਨਾਲ ਇਸ ਉਪਰ ਅਮਲ ਕੀਤਾ ਜਾ ਰਿਹਾ ਹੈ।

੧੯੩੫ ਈ. ਵਿਚ ਮੁੱਠਡੇ ਕਲਾਂ ਵਿਖੇ ਇਕ ਵਿਸ਼ਾਲ ਧਾਰਮਿਕ ਤੇ ਰਾਜਨੀਤਿਕ ਸਮਾਗਮ ਕੀਤਾ ਗਿਆ ਜਿਸ ਵਿਚ



Namdhari Elibrary NamdhariElibrary@gmail.com

ਡਾ. ਸਤਪਾਲ ਅਤੇ ਡਾ. ਕਿਚਲੂ ਆਦਿ ਨੇਤਾਵਾਂ ਨੇ ਭਾਗ ਲਿਆ। ੧੯੩੯ ਈ. ਵਿਚ ਸ੍ਰੀ ਸਤਿਗੁਰੂ ਜੀ ਨੇ ਸਟੇਟ ਪੀਪਲਜ਼ ਕਾਨਫਰੰਸ ਲੁਧਿਆਣੇ ਆਯੋਜਿਤ ਕੀਤੀ ਅਤੇ ਸਰਗਰਮ ਹਿੱਸਾ ਲਿਆ ਇਸੇ ਕਾਨਫਰੰਸ ਤੋਂ ਬਾਅਦ ਦੂਸਰੇ ਦਿਨ ਪੰਡਿਤ ਜਵਾਹਰ ਲਾਲ ਨਹਿਰੂ ਸ੍ਰੀ ਭੈਣੀ ਸਾਹਿਬ ਪਧਾਰੇ ਸਨ। ੧੯੪੩ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ 'ਹਿੰਦੂ-ਸਿੱਖ ਮਿਲਾਪ' ਕਾਨਫਰੰਸ ਕੀਤੀ ਜਿਸ ਵਿਚ ਸਭ ਤੋਂ ਵਡੇ ਧਨਾਢ ਸੇਠ ਬਿਰਲਾ ਜੀ ਨੇ ਆਪ ਜੀ ਨੂੰ ਬਹੁਤ ਵੱਡਾ ਮੰਦਿਰ ਸ੍ਰੀ ਭੈਣੀ ਸਾਹਿਬ ਬਣਾਉਣ ਬਾਰੇ ਪੇਸ਼ਕਸ਼ ਕੀਤੀ ਜਿਸ ਨੂੰ ਆਪ ਜੀ ਨੇ ਦੇਸ਼ ਦੀ ਆਜ਼ਾਦੀ ਨੂੰ ਪ੍ਰਮੁੱਖ ਰੱਖ ਅਤੇ 'ਗਰੀਬੀ ਸਦਾ ਹਮਾਰੀ' ਦੇ ਬਚਨ ਨੂੰ ਦ੍ਰਿੜ ਕਰ ਸੇਠ ਦੀ ਬੇਨਤੀ ਪ੍ਰਵਾਨ ਨਾ ਕੀਤੀ। ੧੯੪੩ ਈ. ਵਿਚ ਹੀ ਆਪ ਜੀ ਨੇ ਪਾਕਿਸਤਾਨ ਬਣਨ ਦੀ ਭਵਿੱਖ ਬਾਣੀ ਕਰ ਦਿੱਤੀ ਅਤੇ ਆਪਣੇ ਸਿੱਖਾਂ ਨੂੰ ਉਸ ਇਲਾਕੇ ਵਿਚੋਂ ਘੱਟੋ ਘੱਟ ਰਾਵੀ ਤੋਂ ਪਾਰ ਜਾਣ ਦਾ ਹੁਕਮ ਕਰ ਦਿੱਤਾ ਅਤੇ ਹਰਿਆਣੇ ਦੇ ਇਲਾਕੇ ਵਿਚ ਉਹਨਾਂ ਨੂੰ ਮੁਰਬਿਆਂ ਦੇ ਮੁਰਬੇ ਜ਼ਮੀਨਾਂ ਦੇ ਕੇ ਧਨਾਢ ਬਣਾ ਦਿੱਤਾ, ਰਵਾਲਸਰ, ਮੰਡੀ ਥਾਈਲੈਂਡ ਅਤੇ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਆਬਾਦ ਕਰਨ ਦਾ ਯਤਨ ਕੀਤਾ ਗਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ-ਬਾਣੀ ਦਾ ਪ੍ਰਵਾਹ ਚਲਾਉਣ ਲਈ ਸਲਾਨਾ 'ਜੱਪ ਪ੍ਰਯੋਗ' ਸਮਾਗਮ ਸ਼ੁਰੂ ਕੀਤਾ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਸਵਾ ਲੱਖ ਪਾਠ ਕਰਨ ਦਾ ਹੁਕਮ ਆਪਣੇ ਸਿੱਖਾਂ ਨੂੰ ਕੀਤਾ ਇਸ ਤਰਾਂ ਨਾਲ ਸ੍ਰੀ ਸਤਿਗੁਰੂ ਜੀ ਨੇ ਨਾ ਸਿਰਫ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਉਨਤੀ ਦੇ ਯਤਨ ਹੀ ਨਹੀਂ ਕੀਤੇ ਸਗੋਂ 'ਵੱਡ-ਪ੍ਰਤਾਪੀ ਸਤਿਗੁਰੂ ਜੀ ਵਾਲੇ ਕੌਤਿਕ ਵੀ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਰਸਨਾ ਨੂੰ ਪ੍ਰੇਰਿਤ ਕਰ ਫੁਰਮਾਇਆ, "ਅਖਰੀ ਗਿਆਨ ਗੀਤ ਗੁਣ ਗਾਹ॥" ਗੁਰਬਾਣੀ ਨੂੰ ਰਾਗਾਂ ਦੁਆਰਾ ਗਾਉਣਾ, ਸੁਰ-ਤਾਲ ਨੂੰ ਕਾਇਮ ਰੱਖ ਕੇ ਗਾਉਣਾ ਹੀ ਅਸਲ ਗੁਰਮਤਿ ਕੀਰਤਨ ਹੈ; ਪੁਰਾਤਨ ਗੁਰਮਤਿ 'ਕੀਰਤਨ ਪ੍ਰਧਾਨਾ' ਦੀ ਰਸਮ ਨੂੰ ਅੱਗੇ ਤੋਰਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੁਰਾਣੀਆਂ ਗੁਰਮਤ ਕੀਰਤਨ ਦੀਆਂ ਰੀਤਾਂ ਅਤੇ ਰਾਗਾ ਦੇ ਸਹੀ ਸਰੂਪ ਨੂੰ ਜ਼ਿੰਦਾ ਰੱਖਣ ਲਈ ਸੰਗਤ ਅਤੇ ਕੀਰਤਨ ਦਰਬਾਰ ਆਦਿ ਦੀ ਪ੍ਰੰਪਰਾ ਨੂੰ ਅੱਗੇ ਵਧਾਇਆ। ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਵਿਦਿਆਲ ਸ਼ੁਰੂ ਕੀਤਾ; ਭਾਈ ਹਰਨਾਮ ਸਿੰਘ ਠੱਟੇ ਟਿੱਬੇ ਵਾਲਿਆਂ ਨੂੰ ਸਨਮਾਨਿਆ। ਮਾਸਟਰ ਅਜੀਤ ਸਿੰਘ ਚੀਮਾ ਜੀ ਨੇ ਸ੍ਰੀ ਸਤਿਗੁਰੂ ਜੀ ਦੀ ਸੰਗੀਤ ਨੂੰ ਦੇਣ ਇਸ ਕਵਿਤਾ ਰਾਹੀਂ ਬਿਆਨ ਕੀਤੀ ਹੈ :-

"ਉਹਨਾਂ ਕਲਾਕਾਰ ਸਭ ਹਿੰਦ ਦੇ ਭੈਣੀ ਮੰਗਵਾਏ।
ਮੁਰਦਾ ਹੋਏ ਸੰਗੀਤ ਨੂੰ ਉਸ ਤਾਕਤ ਟੀਕੇ ਲਗਵਾਏ।
ਧ੍ਰੁਰਪੱਦ ਅਤੇ ਧਮਾਰ ਤੇ ਮੁੜ ਜੋਬਨ ਆਏ।
ਝੁਮਰਾ ਆਡਾ ਇਕ ਤਾਰ ਜੈ ਤਾਰ ਜਗਾਏ।
ਚਾਲੂ ਕੀਤੀ ਪਾਤਸ਼ਾਹ ਉਹ ਰੀਤ ਪੁਰਾਣੀ
ਰਾਗਾਂ ਦੇ ਵਿਚ ਗਾਵਣੀ ਉਹਨਾਂ ਦਸੀ ਬਾਣੀ।

ਭਾਰਤ ਦੀ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦੀ ਤੋਂ ਬਾਅਦ ਆਪ ਜੀ ਨੇ ਈਸਟ ਅਫਰੀਕਾ ਥਾਈਲੈਂਡ ਆਦਿ ਦੇਸ਼ਾਂ ਵਿਚ ਦੌਰੇ ਕਰ ਕਰ ਨਾਨਕ ਨਾਮ ਲੇਵਾ ਧਰਮ ਨੂੰ ਚੋਹਾਂ ਕੁੰਟਾਂ ਵਿਚ ਫੈਲਾਉਣ ਦਾ ਯਤਨ ਕੀਤਾ। ਅੱਜ ਅਫਰੀਕਨ ਮੁਲਕਾਂ ਵਿਚੋਂ ਬਣੇ ਨਾਮਧਾਰੀ ਸਿੰਘ ਯੂਰਪ ਅਤੇ ਦੱਖਣੀ ਪੂਰਬੀ ਏਸ਼ੀਆ, ਅਸਟ੍ਰੇਲੀਆ ਆਦਿ ਦੇਸ਼ਾਂ ਵਿਚ ਫੈਲੇ ਹੋਏ ਹਨ। ਅਫਰੀਕਨ ਮੁਲਕਾਂ ਦੇ ਨਾਮਵਰ ਨਾਮਧਾਰੀ ਸਿੰਘ : ਸੰਤ ਧੜਕ ਸਿੰਘ ਭਰਮਾ, ਸੰਤ ਅਵਤਾਰ ਸਿੰਘ ਬਿਮਰਾ, ਸੰਤ ਤੇਜਾ ਸਿੰਘ ਬਾਹੜਾ, ਸੰਤ ਪ੍ਰੀਤਮ ਸਿੰਘ ਮਥਾਰੂ, ਸੰਤ ਹਰਜਿੰਦਰ ਸਿੰਘ ਚਾਨਾ ਸਟੀਲਮੈਨ ਉਨਾਂ ਦੇ ਪਿਤਾ ਜੀ ਸੂਬਾ ਅਵਤਾਰ ਸਿੰਘ ਸੰਤ ਮਹਿੰਦਰ ਸਿੰਘ ਪਾਲਰਾ ਜੀ ਉੱਚ ਕੋਟੀ ਦੇ ਸ਼ਰਧਾਵਾਨ ਗੁਰਮੁਖ ਗੁਰਸਿੱਖ ਹੋਏ ਹਨ।

ਅੰਤ ਵਿਚ ਰਣਜੀਤ ਕੌਰ ਜੀਤ ਦੀ ਇਕ ਕਵਿਤਾ ਦੀਆਂ ਕੁਝ ਲਾਇਨਾਂ ਪੜ੍ਹ ਆਗਿਆ ਲਵਾਂਗਾ :

ਕੀ ਸਿਫਤ ਕਰਾਂ ਵੱਡ ਪ੍ਰਤਾਪੀ ਦੀ
ਹਰ ਦਿਲ ਵਿਚ ਉਸ ਦਾ ਪਿਆਰ ਵੀ ਏ।
ਕੀ ਸਮਝਾਂ ਉਸ ਦੀਆਂ ਰਮਜ਼ਾਂ ਨੂੰ
ਉਹ ਜੱਗ ਦਾ ਪਾਲਣਹਾਰ ਵੀ ਏ।
ਜਦੋਂ ਗੋਰੇ ਜ਼ੁਲਮ ਕਮਾਇਆ ਸੀ
ਪ੍ਰਭ ਭੈਣੀ ਸਾਹਿਬ ਪ੍ਰਗਟਾਇਆ ਸੀ।
ਦਰ ਖੁੱਲ੍ਹ ਗਏ ਉਸ ਦੀਆਂ ਬਖਸ਼ਸ਼ਾਂ ਦੇ
ਅੰਧਿਆਰ ਅੰਦਰ ਉਜਿਆਰ ਵੀ ਏ
ਜਦੋਂ ਵੰਡ ਹੋਈ ਹਿੰਦ ਪਾਕ ਦੀ ਸੀ
ਹਰ ਪਾਸੇ ਮੌਤ ਹੀ ਝਾਕਦੀ ਸੀ,
ਦੁਖੀਆਂ ਨੂੰ ਸੀਨੇ ਨਾਲ ਲਾਇਆ
ਦਿੱਤਾ ਹਰ ਇਕ ਨੂੰ ਘਰ ਬਾਰ ਵੀ ਏ।
ਕਰਾਂ ਸਿਫਤ ਕੀ ਵੱਡ-ਪ੍ਰਤਾਪੀ ਦੀ
ਹਰ ਦਿਲ ਵਿਚ ਉਸ ਦਾ ਪਿਆਰ ਵੀ ਏ।
ਕੀ ਸਮਝਾਂ ਉਸ ਦੀਆਂ ਰਮਜ਼ਾਂ ਨੂੰ
ਉਹ ਜੱਗ ਦਾ ਪਾਲਣਹਾਰ ਵੀ ਏ।



Namdhari Elibrary NamdhariElibrary@gmail.com

# ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ

*—ਜਸਬੀਰ ਸਿੰਘ ਸਿੱਧੂ, ਪਟਿਆਲਾ*

ਸਾਰੀਆਂ ਕੋਮਲ ਕਲਾਵਾਂ ਵਿਚੋਂ ਸੰਗੀਤ ਕਲਾ ਦਾ ਸਥਾਨ ਮਹੱਤਵਪੂਰਨ ਅਤੇ ਗੌਰਵਮਈ ਹੈ। ਸੰਗੀਤ ਦਾ ਅਧਿਅਨ ਕਰਨ ਅਤੇ ਅਭਿਆਸ ਕਰਨ ਨਾਲ ਮਨੁੱਖ ਵਿਵੇਕ-ਸ਼ੀਲ, ਸੂਝਵਾਨ ਜੀਵ ਹੋਣ ਦੇ ਨਾਤੇ ਸੰਗੀਤ ਰਾਹੀਂ ਇਕ ਖਾਸ ਕਿਸਮ ਦਾ ਅਨੰਦ ਪ੍ਰਾਪਤ ਕਰ ਸਕਦਾ ਹੈ। ਮਨੁੱਖ ਤੋਂ ਬਿਨਾਂ ਪਸ਼ੂਆਂ, ਜਾਨਵਰਾਂ, ਪੰਛੀਆਂ ਨੂੰ ਵੀ ਸੰਗੀਤ ਦੁਆਰਾ ਆਨੰਦ ਪ੍ਰਾਪਤ ਹੁੰਦਾ ਹੈ। ਪਰੰਤੂ ਮਨੁੱਖ ਨੂੰ ਸੂਝਵਾਨ ਹੋਣ ਦੇ ਨਾਤੇ ਸੰਗੀਤ ਜ਼ਿਆਦਾ ਅਨੰਦਿਤ ਕਰਦਾ ਹੈ।

ਮਨੁੱਖੀ ਜੀਵਨ ਹਮੇਸ਼ਾਂ ਹੀ ਸੰਗੀਤ ਤੋਂ ਪ੍ਰਭਾਵਿਤ ਹੁੰਦਾ ਆਇਆ ਹੈ। ਕਿਉਂਕਿ ਮਨੁੱਖੀ ਜੀਵਨ ਵਿਚ ਅਨੇਕ ਪ੍ਰਕਾਰ ਦੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਮਨੁੱਖੀ ਜੀਵਨ ਹਰਖ-ਸੋਗ, ਖੁਸ਼ੀ ਗਮੀ ਅਤੇ ਰਾਗ-ਦਵੇਸ਼ ਆਦਿ ਦੇ ਦਵੰਦ-ਆਤਮਿਕ ਭਾਵਾਂ ਦਾ ਕੇਂਦਰ ਹੈ। ਜਿਥੇ ਇਕ ਥੰਨੇ ਜ਼ਿੰਦਗੀ ਦੀਆਂ ਜਟਿਲ ਸਮੱਸਿਆਵਾਂ ਮਾਨਵ ਨੂੰ ਚਿੰਤਤ ਕਰਦੀਆਂ ਰਹਿੰਦੀਆਂ ਹਨ, ਉਥੇ ਦੂਜੇ ਥੰਨੇ ਮਨੁੱਖੀ ਜੀਵਨ ਵਿਚ ਸੰਗੀਤ ਇਕ ਉਪਯੋਗੀ ਤੱਤ ਹੈ। ਮਾਨਵ ਜਦੋਂ ਸਰੀਰਕ ਅਤੇ ਮਾਨਸਿਕ ਪੱਖੋਂ ਥਕਾਵਟ ਮਹਿਸੂਸ ਕਰਦਾ ਹੈ ਤਾਂ ਕਿਸੇ ਵੀ ਸੰਗੀਤ ਮਹਿਫਲ ਵਿਚ ਚਲਾ ਜਾਏ ਤਾਂ ਉਸ ਨੂੰ ਬੇ-ਹੱਦ ਸਕੂਨ ਮਿਲਦਾ ਹੈ। ਸੰਗੀਤ ਦੁੱਖ, ਤਕਲੀਫ ਅਤੇ ਚਿੰਤਾ-ਗ੍ਰਸਤ ਮਨ ਨੂੰ ਸ਼ਾਂਤ ਕਰਦਾ ਹੈ। ਸੰਗੀਤ ਮਨੁੱਖੀ ਹਿਰਦੇ ਅਤੇ ਬੁੱਧੀ ਨੂੰ ਸੰਤੁਲਿਤ ਰੱਖਣ ਵਿਚ ਵਧੇਰੇ ਸਹਾਈ ਸਿੱਧ ਹੁੰਦਾ ਹੈ। ਸੰਗੀਤ ਮਨੁੱਖ ਨੂੰ ਰਾਖਸ਼-ਬਿਰਤੀ ਤੋਂ ਹਟਾਉਂਦਾ ਹੈ। ਸੰਗੀਤਕਾਰਾਂ ਅਚਾਰੀਆ-ਵਿਦਵਾਨਾਂ ਨੇ ਤਾਂ ਇਥੋਂ ਤੱਕ ਆਪਣੇ ਵਿਚਾਰ ਪ੍ਰਗਟਾਏ ਹਨ ਕਿ ਸੰਗੀਤ ਕਲਾ ਤੋਂ ਹੀਣੇ ਮਨੁੱਖ ਇਸ ਸੰਸਾਰ ਵਿਚ ਭਾਰ ਹਨ। ਜਿਸ ਦੀ ਪੁਸ਼ਟੀ ਕਿਸੇ ਸੰਗੀਤਕ-ਅਚਾਰੀਆ ਨੇ ਇਸ ਪ੍ਰਕਾਰ ਕੀਤੀ ਹੈ :-

ਜੋ ਮਨੁੱਖ ਸਾਹਿਤ ਅਤੇ ਸੰਗੀਤ-ਕਲਾ ਤੋਂ ਅਣਭਿੱਜ ਹੈ ਜਾਂ ਪ੍ਰੇਮ ਨਹੀਂ ਕਰਦਾ ਉਹ ਸਿੰਗਾਂ ਅਤੇ ਪੂਛ ਤੋਂ ਬਿਨਾ ਪਸ਼ੂ ਸਮਾਨ ਹੈ। ਸੰਗੀਤ ਨੂੰ ਮਨੁੱਖੀ ਜੀਵਨ ਵਿਚ ਅਧਿਆਤਮਿਕ ਪੁਰਸ਼ਾਂ ਵਲੋਂ ਪ੍ਰਭੂ-ਮਿਲਾਪ ਦਾ ਸਰਵੋਤਮ ਮਾਧਿਅਮ ਮੰਨਿਆ ਜਾਂਦਾ ਰਿਹਾ ਹੈ।

ਇਸੇ ਕਰਕੇ ਪੁਰਾਣੇ ਰਿਸ਼ੀ-ਮੁਨੀ ਅਤੇ ਤਪੱਸਵੀ-ਮਹਾਂਪੁਰਸ਼ਾਂ ਨੇ ਸੰਗੀਤ ਮਾਧਿਅਮ ਦੁਆਰਾ ਪ੍ਰਭੂ ਦੀ ਉਸਤਤ ਗਾ-ਗਾ ਕੇ ਆਪਣੇ ਪ੍ਰਭੂ-ਪਿਆਰੇ-ਪ੍ਰੀਤਮ ਨਾਲ ਇਕ-ਸੁਰ ਹੋ ਕੇ ਅੰਤਿਮ ਲਖਸ਼ ਦੀ ਪ੍ਰਾਪਤੀ ਕਰਦੇ ਰਹੇ। ਸੰਗੀਤ ਮਾਧਿਅਮ ਰਾਹੀਂ ਮਨੁੱਖ ਦੀ ਬਿਰਤੀ ਵਿਚ ਟਿਕਾਅ ਆ ਜਾਂਦਾ ਹੈ। ਜਿਨ੍ਹਾਂ ਦੀ ਬਿਰਤੀ ਸੰਗੀਤ ਦੁਆਰਾ ਟਿਕਾਉ ਵਿਚ ਆ ਜਾਂਦੀ ਹੈ, ਅਤੇ ਸੰਗੀਤ ਨੂੰ ਪ੍ਰੇਮ ਕਰਦੇ ਹਨ, ਉਹਨਾਂ ਭਗਤਾਂ, ਮਹਾਂਪੁਰਸ਼ਾਂ ਦੀ ਉਸਤਤ ਕਰਦੇ ਹੋਏ ਭਗਵਾਨ ਵਿਸ਼ਨੂੰ ਨੇ ਨਾਰਦ ਨੂੰ ਕਿਹਾ :-

"ਨਾਹ ਵਿਸਾਮਿ ਬੈਕੁੰਠੇ ਯੋਗਿਨਾ ਹਿਰਦੇ-ਨਦ।
ਮਦ ਭਗਤਾਹ ਯੰਤ੍ਰ ਗਾਯੰਤੇ ਤਤ੍ਰ ਤ੍ਰਿਸਠਾਮਿ ਨਾਰਦ।"

ਭਾਵ ਇਹ ਕਿ ਨਾਰਦ ਮੈਂ ਨਾ ਤਾਂ ਬੈਕੁੰਠ 'ਚ ਨਿਵਾਸ ਕਰਦਾ ਹਾਂ ਅਤੇ ਨਾ ਹੀ ਯੋਗੀਆਂ ਦੇ ਹਿਰਦੇ ਵਿਚ, ਸਗੋਂ ਮੈਂ ਉਥੇ ਨਿਵਾਸ ਕਰਦਾ ਹਾਂ, ਜਿਥੇ ਮੇਰੇ ਭਗਤ-ਜਨ, ਮੇਰੇ ਗੁਣਾਂ ਦਾ ਗਾਇਨ ਕਰਦੇ ਹਨ। ਭਾਵ ਇਹ ਕਿ ਵਿਸ਼ਨੂੰ ਜੀ ਵੀ ਸੰਗੀਤ ਤੋਂ ਪ੍ਰਭਾਵਿਤ ਤੇ ਪ੍ਰਸੰਨ ਹੁੰਦੇ ਹਨ।

ਅਜਿਹੀਆਂ ਹੋਰ ਮਿਸਾਲਾਂ ਸਾਨੂੰ ਇਤਿਹਾਸ ਵਿਚੋਂ ਬਹੁਤ ਹੀ ਉਪਲੱਬਧ ਹਨ ਜਿਵੇਂ ਕਿ ਭਗਤੀ ਅੰਦੋਲਨ ਦੇ ਸੰਤਾਂ ਭਗਤਾਂ ਸੂਫੀ, ਪੀਰਾਂ, ਫਕੀਰਾਂ ਅਤੇ ਸਿੱਖ ਗੁਰੂ-ਸਾਹਿਬਾਨਾਂ ਨੇ ਵੀ ਭਗਤੀ ਦਾ ਮਾਧਿਅਮ ਸੰਗੀਤ ਨੂੰ ਹੀ ਸਰਵੋਤਮ ਮੰਨਿਆ ਹੈ। ਇਨ੍ਹਾਂ ਦੀ ਉਚਾਰੀ ਹੋਈ ਬਾਣੀ ਵੱਖ-ਵੱਖ, ਰਾਗਾਂ ਵਿਚ ਲਿਖਿਤ ਹੈ। ਇਹ ਸੰਗੀਤ ਦੀ ਸਭ ਤੋਂ ਸ੍ਰੇਸ਼ਟ ਤੇ ਉਤਮ, ਵਿਲੱਖਣ ਅਤੇ ਅਦੁੱਤੀ ਮਿਸਾਲ ਹੈ। ਸੰਗੀਤ ਦੀ ਮਹੱਤਤਾ ਨੂੰ ਸਿੱਖ-ਧਰਮ ਦੇ ਪਵਿੱਤਰ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਅਤੇ ਗੁਰੂ-ਸੇਵਕਾਂ ਨੇ ਸਰਬ-ਸ੍ਰੇਸ਼ਟ ਮੰਨਦੇ ਹੋਏ ਪ੍ਰਭੂ ਦੀ ਉਸਤਤਿ ਦਾ ਗਾਇਣ ਵੱਖ-ਵੱਖ ਰਾਗਾਂ ਵਿਚ ਕੀਤਾ। ਦੁਨੀਆਂ ਭਰ ਦੇ ਕਿਸੇ ਵੀ ਹੋਰ ਧਰਮ-ਗ੍ਰੰਥ ਵਿਚ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ।

ਸੰਗੀਤ ਅਜਿਹੀ ਕੋਮਲ-ਕਲਾ ਹੈ ਜਿਸਦਾ ਆਧਾਰ ਨਾਦ ਹੈ। ਨਾਦ ਸੂਖਮ ਅਤੇ ਸਥੂਲ ਦੋ ਕਿਸਮਾਂ ਦਾ ਮੰਨਿਆ ਜਾਂਦਾ ਹੈ, ਇਹਨਾਂ ਸੂਖਮ ਅਤੇ ਸਥੂਲ ਨਾਦਾਂ ਦੁਆਰਾ ਸਾਰੀ ਕਾਇਨਾਤ ਤੇ ਪ੍ਰਕ੍ਰਿਤੀ ਅਨੰਦਿਤ ਹੋ ਉਠਦੀ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਦੀ ਰਬਾਬ ਨਾਲ ਅਲਾਹੀ ਬਾਣੀ ਦੁਆਰਾ ਪ੍ਰਭੂ-ਉਸਤਤਿ ਗਾਇਣ ਕਰਦੇ ਤਾਂ ਜੰਗਲਾਂ ਵਿਚ ਮੰਗਲ ਹੋ ਜਾਂਦਾ ਅਤੇ ਆਸ-ਪਾਸ ਦੇ ਸਭ ਜੀਵ-ਜੰਤੂ ਚੇਤੰਨ ਹੋ ਜਾਂਦੇ ਅਤੇ ਸੰਗੀਤਕ ਧੁਨਾਂ ਨਾਲ ਅਹਿਲ ਹੋ ਜਾਂਦੇ, ਅਰਥਾਤ ਮੰਤਰ-ਮੁਗਧ ਹੋ ਜਾਂਦੇ। ਜਦੋਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਦੀਆਂ ਤੰਤੀ ਸੁਰਾਂ ਦੇ ਸੁਮੇਲ ਨਾਲ ਅਲਾਹੀ ਬਾਣੀ ਦੇ ਸ਼ਬਦਾਂ ਦੀਆਂ ਧੁਨਾਂ ਵਿਚ



Namdhari Elibrary NamdhariElibrary@gmail.com

ਲਿਵਲੀਨ ਹੋਏ ਤਾਂ ਇਸ ਅਲਾਹੀ ਸਿਫਤ-ਸਲਾਹ ਦੀਆਂ ਸੰਗੀਤਕ ਤਰੰਗਾਂ ਨੂੰ ਸੁਣ ਕੇ ਸੱਜਣ ਠੱਗ ਲੁਟੇਰਿਆਂ ਨੇ ਵੀ ਆਪਣੀ ਦੁਸ਼ਟ ਤੇ ਠੱਗ-ਬਿਰਤੀ ਤਿਆਗ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਮਸਕਾਰ ਕਰਕੇ ਖਿਮਾ ਮੰਗੀ ਅਤੇ ਅੱਗੋਂ ਸੱਚੇ-ਸੁੱਚੇ ਆਦਰਸ਼ਕ ਜੀਵਨ ਵਾਲਾ ਬਣ ਗਏ। ਸੋ ਸਪਸ਼ਟ ਹੈ ਕਿ ਸੰਗੀਤ ਹੀ ਅਜਿਹੀ ਕਲਾ ਹੈ, ਜਿਹੜੀ ਮਨੁੱਖੀ ਜੀਵਨ ਦੇ ਸੁਧਾਰ ਲਈ ਸਰਵੋਤਮ ਸਾਧਨ ਹੈ, ਜਿਸ ਦੁਆਰਾ ਕਠੋਰ-ਚਿਤ, ਦਾਨਵ, ਬਿਰਤੀ ਵਾਲੇ ਸੰਗੀਤ ਜਿਹੀ ਕੋਮਲ-ਕਲਾ ਵਾਂਗ ਅਤੇ ਉਤਮ ਮਾਨਵ ਵਾਲੀ ਬਿਰਤੀ ਦੇ ਮਨੁੱਖ ਹੋ ਨਿਬੜਦੇ ਹਨ।

ਸੰਗੀਤ ਦੀ ਮਾਨਵ ਜੀਵਨ ਵਿਚ ਹੋਰਾਂ ਵੀ ਕਈ ਪੱਖਾਂ ਤੋਂ ਮਹੱਤਤਾ ਹੈ। ਜੀਵਨ ਨਿਰਬਾਹ ਕਰਨ ਲਈ ਰਿਸ਼ੀ-ਮੁਨੀਆਂ ਵਲੋਂ ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਚਾਰ ਪਦਾਰਥਾਂ ਦੀ ਮਹੱਤਤਾ ਦਰਸਾਈ ਹੈ। ਇਹਨਾਂ ਚਾਰੇ ਪਦਾਰਥਾਂ ਦਾ ਸੰਗੀਤ ਨਾਲ ਆਪਸੀ ਸਬੰਧ ਬਹੁਤ ਨੇੜੇ ਦਾ ਹੈ। ਇਹਨਾਂ ਪਦਾਰਥਾਂ ਦੀ ਪ੍ਰਾਪਤੀ ਲਈ ਸੰਗੀਤ ਬਹੁਤ ਸਹਾਇਕ ਸਿੱਧ ਹੁੰਦਾ ਹੈ।

ਸੰਗੀਤ ਕੇਵਲ ਮਨ-ਪਰਚਾਵਾ ਹੀ ਨਹੀਂ ਸਗੋਂ ਧਰਮ ਵੀ ਹੈ। ਪਿਛੋਕੜ ਵੱਲ ਝਾਤ ਮਾਰਨ ਅਤੇ ਇਤਿਹਾਸ ਤੋਂ ਜਾਣਕਾਰੀ ਮਿਲਦੀ ਹੈ ਕਿ ਵੈਦਿਕ ਕਾਲ ਦੇ ਮਹਾਨ ਮਹਾਨ ਯੱਗਾਂ ਵਿਚ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ। ਮੰਤਰਾਂ ਦਾ ਉਚਾਰਣ ਵੀ ਸੰਗੀਤਕ ਧੁਨਾਂ ਦੁਆਰਾ ਹੁੰਦੇ ਹਨ। ਜਿਸ ਦੁਆਰਾ ਧਰਮ ਵਾਲਾ ਕੰਮ ਹੋ ਜਾਂਦਾ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਕਿਸੇ ਦੂਜੇ ਦੀ ਆਤਮਾ ਨੂੰ ਪ੍ਰਸੰਨ ਰੱਖਣਾ ਸਭ ਤੋਂ ਵੱਡਾ ਧਰਮ ਹੈ, ਕਿਉਂ ਕਿ ਆਤਮਾ, ਪਰਮਾਤਮਾ ਦਾ ਹੀ ਇਕ ਅੰਗ ਹੈ, ਇਸ ਲਈ ਜੇ ਆਤਮਾ ਨੂੰ ਸੰਤੁਸ਼ਟੀ ਮਿਲੇ ਤਾਂ ਮਨੁੱਖ ਖੁਸ਼ੀ ਵਿਚ ਆਨੰਦਿਤ ਹੋ ਕੇ ਪਰਮਾਤਮਾ ਦਾ ਸ਼ੁਕਰ ਕਰਦਾ ਹੈ ਅਤੇ ਵਿਸਮਾਦਿਤ ਹੋ ਉਠਦਾ ਹੈ, ਇਸ ਨਾਲ ਪਰਮ-ਆਤਮਾ ਵੀ ਪ੍ਰਸੰਨ ਹੋ ਜਾਂਦੀ ਹੈ। ਜਦੋਂ ਸੰਗੀਤ-ਕਾਰ ਆਪ ਸੰਗੀਤਕ ਧੁਨਾਂ ਵਿਚ ਮਸਤ ਹੋਇਆ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਆਤਮਾ ਆਨੰਦਿਤ ਹੋ ਜਾਂਦੀ ਹੈ ਅਤੇ ਸੁਣਨ ਵਾਲਿਆਂ ਦੀ ਆਤਮਾ ਵੀ ਪ੍ਰਸੰਨ ਹੋ ਰਹੀ ਹੁੰਦੀ ਹੈ।

ਸੰਗੀਤ ਆਰਥਿਕ ਪੱਖੋਂ ਵੀ ਬੜਾ ਮਹੱਤਵ ਪੂਰਨ ਹੈ ਕਿਉਂਕਿ ਜੇ ਸੰਗੀਤ ਦੀ ਚੰਗੀ ਸੂਝ ਰੱਖਣੀ ਹੋਵੇ ਤਾਂ ਅਮੀਰ ਆਰਥਿਕਤਾ ਵਾਲਾ ਹੀ ਮਨੁੱਖ ਅਥਾਹ ਖਰਚ ਕਰਕੇ ਆਪਣੇ ਸੰਗੀਤਕ ਉਸਤਾਦ ਕੋਲੋਂ ਸ਼ਾਸਤਰੀ ਅਤੇ ਕਿਰਿਆਤਮਕ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਇਸੇ ਤਰ੍ਹਾਂ ਇਸ ਦੇ ਦੂਜੇ ਪੱਖ ਵਿਚ ਆਰਥਿਕ ਪੱਖ ਮਜ਼ਬੂਤ ਕਰਨ ਲਈ ਮਨੁੱਖ ਦੁਨੀਆਂ ਵਿਚ ਕਈ ਤਰ੍ਹਾਂ ਦੇ ਘਾਲੇ-ਮਾਲੇ ਕਰਦਾ, ਪਾਪੜ ਵੇਲਦਾ ਅਤੇ ਹੱਥ-ਪੈਰ ਮਾਰਦਾ ਹੈ। ਪਰੰਤੂ ਸੰਗੀਤ ਦੁਆਰਾ ਜੇ ਕੋਈ ਚੰਗਾ ਉੱਤਮ ਸੰਗੀਤਕਾਰ, ਪੈਸਾ ਕਮਾਉਣਾ ਚਾਹੇ ਤਾਂ ਬਹੁਤ ਹੀ ਧੰਨ ਪ੍ਰਾਪਤ ਕਰ ਸਕਦਾ ਹੈ। ਜਿਵੇਂ ਅਸੀਂ ਮਨੁੱਖੀ ਜੀਵਨ ਵਿਚ ਵੇਖਦੇ ਹੀ ਹਾਂ ਕਿ ਕਈ ਲੋਕ ਗਾ-ਗਾ ਕੇ ਆਪਣਾ ਪੇਟ ਪਾਲਦੇ ਹਨ ਅਤੇ ਇਕੋ ਹੀ ਵਾਂਗੀ ਆਪਣੀ ਸੰਗੀਤਕ ਕਲਾ, ਗਾਇਕੀ ਨਾਟਕ, ਨਾਚ ਅਤੇ ਸਾਜ਼ਾਂ ਆਦਿ ਦੀ ਕਲਾ ਨੂੰ ਅਵਾਮ ਵਿਚ ਪੇਸ਼ ਕਰਕੇ ਚੰਗਾ-ਚੋਖਾ ਧੰਨ ਕਮਾ ਲੈਂਦੇ ਹਨ। ਭਾਵੇਂ ਧੰਨ ਪ੍ਰਾਪਤੀ ਹੋਰਾਂ ਕਈ ਸਾਧਨਾਂ ਦੁਆਰਾ ਹੋ ਜਾਂਦੀ ਹੈ ਪਰੰਤੂ ਸੰਗੀਤ ਕਲਾ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਪਦਾਰਥਿਕ ਅਤੇ ਆਤਮਿਕ ਦੋਹਾਂ ਤਰ੍ਹਾਂ ਦੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸੰਗੀਤ ਦੀ ਮਹੱਤਤਾ ਹੋਰ ਵੀ ਇਸ ਤਰ੍ਹਾਂ ਹੈ। ਸੰਗੀਤ ਦੁਆਰਾ ਆਰਥਿਕ ਪੱਖ ਦੇ ਨਾਲ ਨਾਲ ਇੱਜ਼ਤ-ਮਾਣ ਤੇ ਲੋਕਾਂ ਵੱਲੋਂ ਸਨਮਾਨ-ਸਤਿਕਾਰ ਵੀ ਪ੍ਰਾਪਤ ਹੁੰਦਾ ਰਹਿੰਦਾ ਹੈ।

ਸੰਗੀਤ ਮਨੁੱਖੀ ਜੀਵਨ ਨੂੰ ਹਰਖ-ਸੋਗ ਵਿਚ ਸੰਤੁਲਿਤ ਰੱਖਦਾ ਹੈ, ਮਨੁੱਖ ਗਮ ਵਿਚ ਹੋਵੇ ਉਸਨੂੰ ਬੇ-ਗਮ ਕਰ ਦਿੰਦਾ ਹੈ। ਜੇ ਖੁਸ਼ੀ ਵਿਚ ਹੋਵੇ ਤਾਂ ਉਸ ਨੂੰ ਹੋਰ ਵੀ ਆਨੰਦਿਤ ਅਤੇ ਖੇੜਾ ਬਖਸ਼ਦਾ ਹੈ। ਬਾਕੀ ਰਹੀ ਗੱਲ, ਮੋਖਸ਼ ਦੀ, ਮੋਖਸ਼ ਅਰਥਾਤ ਮੁਕਤੀ ਦੀ। ਮੁਕਤੀ ਮਨੁੱਖੀ-ਜੀਵਨ ਦਾ ਧਰਮ ਅਤੇ ਅੰਤਿਮ ਲਖ਼ਸ਼ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖ ਥਾਂ ਥਾਂ ਭਟਕਦਾ ਫਿਰਦਾ ਹੈ, ਅਜਿਹੀ ਭਟਕਣਾ ਸੰਗੀਤ ਨਾਲ ਸਹਿਜੇ ਹੀ ਨਿਵਿਰਤ ਹੋ ਜਾਂਦੀ ਹੈ। ਸੰਗੀਤ ਸਰਵ-ਸ੍ਰੇਸ਼ਟ ਸਾਧਨ ਹੈ-ਮੁਕਤੀ ਦਾ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਮੁਕਤੀ ਵਾਸਤੇ ਜਾਂ ਅਧਿਆਤਮਕ ਰਹੱਸਮਈ ਜੀਵਨ ਬਣਾਉਣ ਲਈ ਪਰਮਾਤਮਾ ਦੀ ਉਸਤਿਤ ਜ਼ਰੂਰੀ ਹੈ। ਪ੍ਰਭੂ ਦੀ ਉਸਤਿਤ ਸੰਗੀਤ ਦੁਆਰਾ ਕੀਤੀ ਜਾਵੇ ਤਾਂ ਸਹਿਜੇ ਹੀ ਮੁਕਤੀ ਮਿਲ ਜਾਂਦੀ ਹੈ। ਕਿਉਂ ਜੋ ਪੁਰਾਣੇ ਰਿਸ਼ੀ-ਮੁਨੀ, ਪੀਰ-ਫਕੀਰ, ਗੁਰੂ ਸਾਹਿਬਾਨ ਅਤੇ ਸੰਤਾਂ-ਭਗਤਾਂ ਆਦਿ ਸੰਗੀਤਕ ਮਾਧਿਅਮ ਦੁਆਰਾ ਪ੍ਰਭੂ ਦੀ ਉਸਤਿਤ ਗਾਇਨ ਕਰਕੇ ਮੁਕਤੀ ਦੇ ਮਾਰਗ ਵੱਲ ਪਹੁੰਚੇ।

ਸੰਗੀਤ ਮਨੁੱਖੀ ਅੰਤਹਕਰਣ ਨੂੰ ਪਵਿੱਤਰ ਤੇ ਸਾਫ ਬਣਾ ਦਿੰਦਾ ਹੈ ਅਗਿਆਨਤਾ ਤੇ ਕੂੜ ਦੀ ਦੀਵਾਰ ਮਨ ਤੋਂ ਪਰੇ ਹਟਾ ਦਿੰਦਾ ਹੈ, ਜਦੋਂ ਮਨੁੱਖੀ ਹਿਰਦਾ ਸ਼ੁੱਧ ਹੋ ਜਾਂਦਾ ਹੈ ਤਾਂ ਆਤਮਿਕ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤਰ੍ਹਾਂ ਸੰਗੀਤ-ਸਾਧਕ ਦੀ ਬਿਰਤੀ ਸਹਿਜੇ ਹੀ ਮੁਕਤ ਦੁਆਰਾ ਸੋਕਲਾ ਸਹਿਜੇ ਆਵਹਿ ਜਾਉਂ ਵਾਲੀ ਹੋ ਨਿਬੜਦੀ ਹੈ ਅਤੇ ਆਪਣੇ ਪਰਮ-ਲਖ਼ਸ਼ ਦੀ ਪ੍ਰਾਪਤੀ ਮਨੁੱਖ ਕਰ ਲੈਂਦਾ ਹੈ।

ਸੋ ਉਕਤ ਸਾਰੀ ਚਰਚਾ ਤੋਂ ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ ਬਾਰੇ ਸਪਸ਼ਟ ਹੋ ਜਾਂਦਾ ਹੈ ਕਿ ਸੰਗੀਤ, ਮਨੁੱਖੀ ਜੀਵਨ ਨੂੰ ਆਦਿ ਤੋਂ ਅੰਤ ਤੱਕ ਸਰਬ ਪੱਖੀ ਵਿਕਾਸ ਦੇ ਨਾਲ-ਨਾਲ ਅੰਤਮ-ਛੋਹਾਂ ਤੇ ਪਹੁੰਚਾ ਦਿੰਦਾ ਹੈ। ਆਮੀਨ!



Namdhari Elibrary NamdhariElibrary@gmail.com

# ਪੰਜਾਬੀ ਕਵੀ ਸਭਾ ਜਲੰਧਰ ਵਲੋਂ ਪ੍ਰਣਾਮ ! ਪੰਜਾਬ ਵਿਧਾਨ ਸਭਾ ਨੂੰ !!

*—ਸੰਤੋਖ ਸਿੰਘ 'ਸਫ਼ਰੀ'*

ਪੰਜਾਬੀ ਕਵੀ ਸਭਾ ਓਦੋਂ ਹੋਂਦ ਵਿਚ ਆਈ ਜਦੋਂ 'ਮਾਂ-ਬੋਲੀ ਪੰਜਾਬੀ' ਬੀਬੀ ਗਰੀਬੀ ਵਾਂਗੂੰ ਵਿਚਾਰੀ ਬਣੀ ਹੋਈ ਸੀ ਅਤੇ ਈਰਖਾਲੂ ਢਾਣੇ ਵਲੋਂ ਵੀ ਪ੍ਰਚਾਰ ਜ਼ੋਰਾਂ ਤੇ ਸੀ ਕਿ ਊੜਾ-ਈੜੀ ਨਹੀਂ ਪੜ੍ਹਨੀ। ਪਰ ਮਾਂ-ਬੋਲੀ ਪੰਜਾਬੀ ਦੇ ਖ਼ੂਨ ਨੇ ਐਸਾ ਉਬਾਲਾ ਮਾਰਿਆ ਕਿ ਜਲੰਧਰ ਦੇ ਕਵੀਆਂ ਦਾ ਸ਼ਾਨਦਾਰ ਇਕੱਠ ਹੋ ਗਿਆ ਤੇ ਇਕੱਠ ਨੇ ਮਤਾ ਪਾਸ ਕੀਤਾ ਕਿ ਮਾਂ-ਬੋਲੀ ਪੰਜਾਬੀ ਦੇ ਸ਼ੁਭ ਨਾਮ ਤੇ ਸਭਾ ਦਾ ਨਾਮ ਰੱਖਿਆ ਜਾਵੇ। ਅਜੇ ਅੱਗੇ ਗੱਲ ਤੁਰੀਂ ਨਹੀਂ ਸੀ ਕਿ ਬਹੁਤ ਹੀ ਗੁਰਮੁਖ ਪਿਆਰੇ ਸ. ਚਰਨ ਸਿੰਘ 'ਸੇਵਕ' ਨੇ ਸਭਾ ਦਾ ਨਾਮ "ਪੰਜਾਬੀ ਕਵੀ ਸਭਾ ਜਲੰਧਰ" ਰੱਖ ਦਿੱਤਾ। ਤੇ ਇਸ ਵਿਸ਼ੇਸ਼ਤਾ ਨੂੰ ਹਰ ਵਰਗ ਨੇ ਸਤਿਕਾਰਿਆ। ਬਚਿੰਤ ਰਾਮ ਆਜਜ਼ ਬਾਲਮੀਕ,



ਭਾਗ ਮੱਲ ਪਾਗਲ ਬਾਲਮੀਕ, ਮਿਸਟਰ ਸੋਧੀ ਅਤੇ ਦੂਜਾ ਵਰਗ ਕੁੰਦਨ ਲਾਲ, ਪ੍ਰੇਮ ਪੰਛਤ, ਪੁਸ਼ਪ ਸ਼ਾਹਕੋਟੀ, ਰਾਮ ਲਾਲ ਮਸਕੀਨ, ਸ. ਬਲਵੰਤ ਸਿੰਘ ਚੀਮਾ —ਮੁੱਕਦੀ ਗੱਲ ਛੋਟੀ ਜਿਹੀ ਟੋਲੀ ਤੋਂ ਬਹੁਤ ਵੱਡਾ ਕਾਫਲਾ ਬਣ ਗਿਆ।

ਰੱਬ ਮੁਆਫ ਕਰੇ ਇਹ ਸ਼ਿਗਾਰ-ਰਸੀ ਕਹਾਣੀ ਸੰਨ ੧੯੫੯ ਵਿਚ ਸ਼ੁਰੂ ਹੋਈ ਅਤੇ ਇਹ ਮੂੰਹੋਂ ਬੋਲਦੀ ਕਹਾਣੀ ਹੁਣ ਤੱਕ, ਮਤਲਬ ਸੰਨ ੨੦੦੮ ਤੱਕ ਮਾਂ-ਬੋਲੀ ਪੰਜਾਬੀ ਦਾ ਪ੍ਰਚਾਰ ਤੇ ਸੰਚਾਰ ਕਰ ਰਹੀ ਹੈ।

"ਪੰਜਾਬੀ ਕਵੀ ਸਭਾ ਦੀ ਵਿਸ਼ੇਸ਼ਤਾ ਸੱਸੀ ਦੇ ਸਿਦਕ ਵਰਗੀ ਹੈ!" ਪੰਜਾਬੀ ਕਵੀ ਸਭਾ ਦੀ ਲਗਨ ਨੇ ਜਲੰਧਰ ਨੂੰ ਮਹਾਨ ਕਰਕੇ ਸਾਡੇ ਪਿੰਡ ਦੇ ਸਿਰਾਜ ਤੇਲੀ ਵਾਂਗੂੰ ਹੋਕਾ ਦੇਣਾ ਸ਼ੁਰੂ ਕਰਕੇ ਦਿੱਤਾ—ਹਰ ਗੁਰਦੁਆਰੇ ਅਤੇ ਹਰ ਮੰਦਿਰ ਵਿਚ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ, ਜੋ ਕਵੀ ਦਰਬਾਰਾਂ ਦਾ ਰੂਪ ਧਾਰ ਗਏ ਤੇ ਕਵੀ ਦਰਬਾਰ ਵੀ ਐਸੇ ਬਣੇ ਕਿ ਕੰਪਨੀ ਬਾਗ ਬਹੁਤ ਛੋਟਾ ਹੋ ਗਿਆ। ਪਰ ਦੂਜੇ ਪਾਸੇ ਮਾਂ-ਬੋਲੀ ਦੇ ਦਾਨੇ ਦੁਸ਼ਮਣਾਂ ਦੀ ਵੀ ਭੀੜ ਲੱਗ ਗਈ। ਲੋਕੀਂ ਸੱਕੀ ਮਾਂ ਦੇ ਦੁੱਧ ਦੀ ਬੁੱਧ ਭੁੱਲ ਕੇ ਮਾਸੀ ਦੀ ਓਪਰੀ ਅਪਣੱਤ ਨਾਲ ਪਿਆਰ ਕਰਨ ਲੱਗ ਪਏ। ਕੁਰਬਾਨ ਜਾਵਾਂ ਉਹਨਾਂ ਸੰਸਥਾਵਾਂ ਦੇ ਜਿਨ੍ਹਾਂ ਆਪਣੇ ਸਿਰੜ ਨੂੰ ਸਿਰ ਤੇ ਰੱਖ ਕੇ ਲਿਖਾਰੀ ਵਰਗ ਦਾ ਸਿਰ ਉੱਚਾ ਕਰ ਦਿੱਤਾ। ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਚੰਡੀਗੜ੍ਹੋਂ ਨਫ਼ਰਤ ਤੇ ਅਣਗਹਿਲੀ ਦੀਆਂ ਵੱਖੀ ਵਿਚ ਹੁੱਝਾਂ ਖਾ ਕੇ ਵਾਪਸ ਆ ਜਾਂਦੇ ਰਹੇ।

ਮੈਂ ਕੁਰਬਾਨ ਜਾਵਾਂ ਏਸ ਜੁਝਾਰੂ ਲੇਖਕ ਵਰਗ ਦੇ, ਜਿਨ੍ਹਾਂ ਦੇ ਯਤਨ, ਭੁਲੇਖੇ ਦੀ ਨਿਰਦਈ ਭੀੜ ਨੂੰ ਚੀਰ ਕੇ ਪੰਜਾਬ ਵਿਧਾਨ ਸਭਾ ਦੇ ਵਿਹੜੇ ਵਿਚ ਜਾ ਬਿਰਾਜੇ ਹਨ। ਅਤੇ ਇਸ਼ਕ ਦੇ ਸੂਰਜ ਵਾਂਗੂੰ ਆਪਣੀਆਂ ਕਿਰਨਾਂ ਦੇ ਨਾਲ ਖੁਸ਼ੀਆਂ ਦੀ ਖੁਸ਼ਬੂ ਖਿਲਾਰ ਰਹੇ ਨੇ।

ਪੰਜਾਬ ਵਿਧਾਨ ਸਭਾ ਸਤਿਕਾਰਯੋਗ ਸਭਾ ਬਣ ਗਈ ਹੈ, ਜਿਸ ਨੇ ਕਈਆਂ ਦੇ ਦਿਲ ਜਿੱਤ ਕੇ ਸਮੂਹ ਪਾਰਟੀਆਂ ਦੀ ਸਹਿਮਤੀ ਹਾਸਲ ਕਰਕੇ ਮਾਂ-ਬੋਲੀ ਪੰਜਾਬੀ ਦੇ ਸਿਰ ਉਤੇ ਸਭਿਅਤਾ ਦਾ ਤਾਜ ਸੁਸ਼ੋਭਤ ਕਰ ਦਿੱਤਾ ਹੈ ਅਤੇ ਨਾਲ ਹੀ ਜੁਝਾਰੂ ਹੁਕਮ ਜਾਰੀ ਕਰ ਦਿੱਤਾ ਹੈ ਕਿ "ਪੰਜਾਬੀ ਸਰਕਾਰੀ ਪੱਧਰ ਤੇ ਲਾਗੂ ਕੀਤੀ ਜਾਵੇਗੀ।" ਇਸ ਹੁਕਮ ਨੂੰ ਸ਼ਲਾਘਾਯੋਗ ਹੁਕਮ ਕਹਿਣ ਦਾ ਹੱਕ ਬਣਦਾ ਹੈ।

ਪੰਜਾਬੀ ਕਵੀ ਸਭਾ ਜਲੰਧਰ ਵੀ ਇਕ ਜੁਝਾਰੂ ਸਭਾ ਹੈ, ਜੋ ਆਪਣੇ ਸਤਿਕਾਰਯੋਗ ਸਹਿਯੋਗੀਆਂ ਅਤੇ ਸਰੋਤਿਆਂ ਦੇ ਸਹਿਯੋਗ ਨਾਲ ਸੰਨ ੧੯੫੯ ਤੋਂ ਲੈ ਕੇ ਸੰਨ ੨੦੦੭ ਤੱਕ ਰਾਜ ਪੱਧਰ ਉੱਤੇ ੫੧ ਕਵੀ ਦਰਬਾਰ ਕਰ ਚੁੱਕੀ ਹੈ। ਅਤੇ ਅੱਗੇ ਤੋਂ ਹੋਰ ਅੱਗੇ ਕਵੀ ਦਰਬਾਰ ਕੀਤੇ ਜਾਣਗੇ। ਇਸ ਸਭ ਦੀ ਇਕ ਹੋਰ ਵਿਸ਼ੇਸ਼ਤਾ ਜੋ ਦੱਸਣੀ ਅਤੀ ਜ਼ਰੂਰੀ ਹੈ ਕਿ ਮਾਂ-ਬੋਲੀ ਦੇ ਸੰਚਾਰ ਅਤੇ ਪ੍ਰਚਾਰ ਲਈ ਸੰਨ ੧੯੬੯ ਤੋਂ ਕਿਤਾਬੀ ਰੂਪ ਵਿਚ ਵੱਖਰੇ-ਵੱਖਰੇ ਨਾਂਅ ਰੱਖ ਕੇ ਸੋਵੀਨਰ ਪ੍ਰਕਾਸ਼ਤ ਕੀਤੇ ਜਾਂਦੇ ਹਨ ਤੇ ਉਹ ਸਰੋਤਿਆਂ ਦੇ ਹੱਥਾਂ ਵਿਚ ਪ੍ਰਸ਼ਾਦ ਦੇ ਖੁੱਲ੍ਹੇ ਗੱਫਿਆਂ ਵਾਂਗ ਵਰਤਾਏ ਜਾਂਦੇ ਹਨ।

ਮੈਂ ਪੰਜਾਬ ਵਿਧਾਨ ਸਭਾ ਅਤੇ ਸਾਰੇ ਸਹਿਯੋਗੀਆਂ ਨੂੰ ਪੰਜ ਵਕਤ ਦੇ ਨਮਾਜ਼ੀ ਵਾਂਗੂੰ ਪ੍ਰਣਾਮ ਕਰਦਾ ਹਾਂ ਅਤੇ ਸੌ ਸੌ ਵਾਰ ਕਰਦਾ ਹਾਂ; ਕਿਉਂਕਿ ਧੰਨਵਾਦ ਸਿਰਫ਼ ਤੇ ਸਿਰਫ਼ ਰਸਮੀ ਬਾਤ ਹੈ। ਮੈਂ ਆਪਣੀ ਖੁਸ਼ੀ ਦੱਸਦਾ ਹਾਂ ਕਿ ਪੰਜਾਬ ਵਿਧਾਨ ਸਭਾ ਨੇ ਅਤੇ ਸਮੂਹ ਸਹਿਯੋਗੀਆਂ ਨੇ ਏਨੀਆਂ ਖੁਸ਼ੀਆਂ ਦਿੱਤੀਆਂ ਹਨ ਕਿ ਪੰਜਾਬੀ ਕਵੀ ਸਭਾ ਜਲੰਧਰ ਦੀ ਝੋਲੀ ਬਹੁਤ ਛੋਟੀ ਹੋ ਗਈ ਹੈ!

ਆਖ਼ਰ ਵਿਚ ਮੈਂ ਮਾਂ-ਬੋਲੀ ਪੰਜਾਬੀ ਦੀ ਕਵਿਤਾ ਪੇਸ਼-ਇ-ਖ਼ਿਦਸਤ ਕਰਦਾ ਹਾਂ :-

* ਜਦੋਂ ਦਰ ਤੇ ਬੋਲਦੀ ਹੈ ਤਾਂ ਕਿਹੜਾ ਰੂਪ ਧਾਰਦੀ ਹੈ
* ਜਦੋਂ ਤੇਗ਼ ਦੀ ਧਾਰ ਤੇ ਬੋਲਦੀ ਹੈ ਤੇ ਫੇਰ ... ...
* ਜਦੋਂ ਰਬਾਬ ਦੀ ਤਾਰ ਤੇ ਬੋਲਦੀ ਹੈ ਤੇ ਫੇਰ ... ...
* ਜਦੋਂ ਚੰਡੀ ਬਣਕੇ ਵਾਰ ਕਰਦੀ ਹੈ ਤੇ ਫੇਰ ... ...
* ਜਦੋਂ ਆਰੇ ਦੇ ਦੰਦੇ ਦੰਦ ਵਖਾਂਦੇ ਨੇ ਓਦੋਂ ਕਿਹੜਾ ਰੂਪ ਧਾਰਦੀ ਹੈ!!

*ਆਲੀ ਮੁਹੱਲਾ, ਜਲੰਧਰ*



Namdhari Elibrary NamdhariElibrary@gmail.com

# ਸ. ਰਤਨ ਸਿੰਘ ਘਟਾਉੜਾ ਜੀ ਨੂੰ ਸ਼ਰਧਾਂਜਲੀ



ਸਕੂਲ ਦੀ ਅੱਧੀ ਛੁੱਟੀ ਸਮੇਂ ਅਸੀਂ ਪੰਜ ਮਿੱਤਰ ਖੜੇ ਆਪਸ ਵਿਚ ਫੌੜਾਂ ਮਾਰ ਰਹੇ ਸਾਂ। ਅਚਾਨਕ ਗੋਰੇ ਚਿੱਟੇ ਸਾਧਾਰਨ ਕੱਦ ਦੇ ਗੁਰਸਿੱਖ ਸਾਢੇ ਕੋਲ ਆ ਕੇ ਪੁਛਿਆ ਕਿ ਮੈਂ ਕਾਕੇ ਮਹਿੰਦਰ ਸਿੰਘ ਨੂੰ ਮਿਲਨਾਂ ਚਾਹੁੰਦਾ ਹਾਂ, ਮੈਂ ਝਟਪੱਟ ਬੋਲ ਪਿਆ, "ਜੀ ਅਸੀਂ ਪੰਜ ਜਾਣੇਂ ਹੀ ਮਹਿੰਦਰ ਸਿੰਘ ਦੇ ਨਾਮ ਨਾਲ ਜਾਣੇਂ ਜਾਂਦੇ ਹਾਂ। ਆਪ ਜੀ ਕਿਸ ਨੂੰ ਮਿਲਨਾ ਚਾਹੁੰਦੇ ਹੋ" ਗੁਰਮੁਖ ਜੀ ਜਰਾ ਰੁਕ ਕੇ ਬੋਲੇ" ਜੋ ਬੰਬਈ ਤੋਂ ਆਏ ਪਿੰਡ ਰਸੂਲਪੁਰ ਦੇ ਹਨ, "ਮੈਂ ਹੀ ਹਾਂ" ਉੱਤਰ ਦੇਣ ਤੇ ਹੁਕਮ ਦਿੱਤਾ ਕਿ ਬਜ਼ੁਰਗ ਮਾਤਾ ਤੁਹਾਨੂੰ ਮਿਲਨਾ ਚਾਹੁੰਦੇ ਹਨ। ਸਕੂਲ" ਦੀ ਕਹਿਰੀ ਇਮਾਰਤ ਦੇ ਆਖੀਰ ਦੇ ਕਮਰੇ ਤੋਂ ਰਸਤੇ ਵੱਲ ਮੁੜ ਦੂਸਰੇ ਪਾਸੇ ਖੇਤਾਂ ਦੇ ਬੰਨੇ ਬੈਠੀ ਬਜ਼ੁਰਗ ਮਾਈ ਤੇ ਨਜ਼ਰ ਪਈ, ਕੋਲ ਪਹੁੰਚਦਿਆਂ ਹੀ ਗੜਕਦੀ ਆਵਾਜ਼ ਕੰਨਾਂ ਵਿਚ ਪਈ "ਬੇ ਤੂੰ ਕਾਲੀ (ਅਕਾਲੀ) ਏਂ ਨੀਲੀ ਪੱਗ ਬੰਨੀ ਹੋਈ ਹੈ, ਨਹੀਂ ਜੀ ਮੈਂ ਅਕਾਲੀ ਨਹੀਂ ਜੋ ਮਿਲ ਜਾਏ ਬੰਨ ਲੈਂਦਾ ਹਾਂ ਮੇਰਾ ਉੱਤਰ ਸੀ।

ਪਿਤਾ ਜੀ ਦੇ ਭਰਾਵਾਂ ਵਿਚ ਘਰ ਅਤੇ ਕਰਖਾਨੇ ਦੀ ਵੰਡ ਨੇ ਨਵੇਂ ਸਿਰੇ ਤੋਂ ਘਰ ਦੀ ਉਸਾਰੀ ਕਰਨ ਦੇ ਕਾਰਨ ਅਤੇ ਮੇਰੀ ਪੜ੍ਹਾਈ ਵਿਚ ਵਿਘਨ ਨਾ ਪੈ ਜਾਏ ਇਸ ਲਈ ਫ਼ਲੌਰ ਤੋਂ ਨਵਾਂ ਸ਼ਹਿਰ ਜਾਣ ਵਾਲੀ ਸੜਕ ਤੇ ਬਸੇ ਪਿੰਡ "ਨਗਰ" ਵਿਚ ਬਣੇ ਨਵੇਂ ਹਾਈ ਸਕੂਲ ਵਿਚ ਸਾਡੇ ਪਿਤਾ ਜੀ ਨੇ ਦਾਖ਼ਲ ਕਰਵਾ ਦਿੱਤਾ ਸੀ ਜੋ ਨਗਰ ਪਿੰਡ ਤੋਂ ਬਾਹਰ ਸਾਡੇ ਪਿੰਡ ਰਸੂਲਪੁਰ ਵਿੱਚੋਂ ਲੰਘ ਕੇ ਤੇਂਘ ਪਿੰਡ ਨੂੰ ਜਾਨ ਵਾਲੇ ਰਸਤੇ ਤੇ ਹੈ। ਇਹ ਮੇਰੀ ਮੁਲਾਕਾਤ ਸੀ ਸ੍ਰ. ਰਤਨ ਸਿੰਘ ਘਟਾਉੜੇ ਜੀ ਨਾਲ। ਬਜ਼ੁਰਗਾਂ ਦੀ ਪਹਿਲ ਕਰਕੇ ਕੁੜਮਾਈ ਤੋਂ ਬਾਦ ਕਾਫੀ ਸਮਾਂ ਬੀਤ ਗਿਆ ਕਿਉਂਕਿ ਪਰਿਵਾਰ ਸਮੇਤ ਯੁਗਾਂਡਾ ਦੇ ਸ਼ਹਿਰ ਕੰਪਾਲੇ ਵਿਚ ਬਸ ਗਏ ਸਨ। ਸਾਡੇ ਬੀਬੀ ਜੀ ਦੇ ਦਬਾਉ ਕਾਰਨ ਸੱਤਾਂ ਸਾਲਾਂ ਬਾਦ ਮਠਾਰੂ ਅਤੇ ਘਟਾਉੜੇ ਪਰਿਵਾਰ ਆਪਸ ਵਿਚ ਜੁੜ ਗਏ। ਸਾਡੇ ਆਨੰਦ ਕਾਰਜ ਦੇ ਤਿੰਨਾਂ ਸਾਲਾਂ ਮਗਰੋਂ ਸਾਡੀ ਘਰ ਗ੍ਰਿਹਸਤੀ ਦੇਖਨ ਵਾਸਤੇ ਇਕ ਰਾਤ ਲਈ ਪਹਿਲੀ ਅਤੇ ਆਖਰੀ ਬਾਰ ਸਾਡੇ ਕੋਲ ਪੂਨੇ ਆਏ ਸਨ, ਅਕਾਲ ਪੁਰਖ਼ ਨੇ ਜੀਵਨ ਦੇ ਆਖ਼ਰੀ ਪਲ ਤਕ ਇਥੋਂ ਦਾ ਅੰਨ ਪਾਣੀ ਮੁੜ ਨਹੀਂ ਬਖ਼ਸ਼ਿਆ।

ਅੱਜ ਪਿਛਾਂਹ ਮੁੜ ਵੇਖਦਾਂ ਹਾਂ ਤਾਂ ਇਵੇਂ ਜਾਪਦਾ ਹੈ ਕੁਝ ਸੀ ਜੋ ਸਾਡੇ ਜੀਵਨ ਵਿਚ ਲੁਪਤ ਹੋ ਗਿਆ, ਵਿਆਹ ਬਾਦ ਉਹਨਾਂ ਨਾਲ ਗੁਜਾਰੇ ਕੁੱਝ ਕੁ ਦਿਨ ਭਾਵੇਂ ਨਗਰ ਦੇ ਸਕੂਲ ਦੀ ਪਹਿਲੀ ਮੁਲਾਕਾਤ, ਉਸ ਬਾਦ ਰਸੂਲਪੁਰ ਸਾਡੇ ਘਰ ਕੁੜਮਾਈ ਚੀ ਰਸਮ, ਕਈ ਸਾਲਾਂ ਬਾਦ ਪਿੰਡ ਚੀਮਾਂ ਕਲਾਂ ਵਿਚ ਨਾਮਧਾਰੀ ਮਰਿਯਾਦਾ ਅਨੁਸਾਰ ਆਨੰਦ ਕਾਰਜ, ਪੂਨੇ ਸਾਡੇ ਨਾਲ ਬਿਤਾਈ ਇਕ ਰਾਤ ਜਦ ਸਾਡੀ ਬੱਚੀ ਡੇਢ ਕੁ ਸਾਲ ਦੀ ਸੀ, ਮੁੜ ਲੰਬਾ ਅੰਤਰਾਲ ਅਤੇ ਬਾਰਾਂ ਸਾਲ ਬਾਦ ਮੇਰਾ ਆਪਣਾ ਇਕ ਮਹੀਨਾ ਇੰਗਲੈਂਡ ਵਿਚ ਬਿਤਾਉਣਾਂ, ਉਸਤੋਂ ਅਗਲੇ ਸਾਲ ਹੀ ਆਪਣੇ ਪਰਿਵਾਰ ਨੂੰ ਪੂਨੇ ਭੇਜਣਾ, ਫਿਰ ਇਕ ਲੰਬਾ ਸਮਾਂ ਜੋ ਚਿੱਠੀ ਪੱਤਰ ਰਾਹੀਂ, ਹੁਣ ਹੁਣ ਆਖਰੀ ਸਮੇਂ ਟੈਲੀਫੂਨ ਰਾਂਹੀ ਦੋਨਾ ਪਰਿਵਾਰਾਂ ਨੂੰ ਮਜਬੂਤੀ ਨਾਲ ਜੋੜ ਕੇ ਰੱਖਣ ਦਾ, ਮੇਰੀ ਸੁਪਤਨੀ ਦਾ ਆਪਣੇ ਪਿਤਾ ਨੂੰ ਦੋ ਵਾਰੀ ਇੰਗਲੈਂਡ ਵਿਚ ਮਿਲਣਾ ਇਕ ਵਾਰੀ ਖ਼ੁਸ਼ੀ ਦੂਸਰੀ ਵਾਰ ਗ਼ਮੀ ਵਿਚ, ਉਸ ਬਾਦ ਦਸਾਂ ਸਾਲਾਂ ਦਾ ਅੰਤਰਾਲ ਜੋ ਆਖਰੀ ਸਮੇਂ ਵੀ ਪਿਤਾ ਅਤੇ ਸਪੁੱਤਰੀ ਨੂੰ ਮਿਲਾ ਨਹੀਂ ਸਕਿਆ ਜਦ ਕਿ ਇਸ ਬਾਗਬਾਨ ਦੇ ਬਾਕੀ ਬੱਚੇ ਅਤੇ ਉਹਨਾਂ ਦੇ ਬੱਚੇ ਹਰ ਵਾਰੀ ਮਿਲਦੇ, ਜੋ ਉਹਨਾਂ ਕੋਲ ਸਥਾਈ ਤੌਰ ਤੇ ਇੰਗਲੈਂਡ ਵਿਚ ਹੀ ਹਨ ਪਰ ਸਾਡਾ ਸਪੁੱਤਰ ਜੋ ਚਾਰ ਦਸ਼ਕਾਂ ਦੇ ਨੇੜੇ ਪਹੁੰਚਣ ਵਾਲਾ ਹੈ ਅੱਜ ਤਕ ਆਪਣੇ ਨਾਨਾਂ ਜੀ ਨੂੰ ਮਿਲ ਨਹੀਂ ਸਕਿਆ ਪਰ ਫਿਰ ਵੀ ਇਤਨੇ ਦੂਰ ਇੰਗਲੈਂਡ ਵਿਚ ਬਸਦਿਆਂ ਸੰਸਕਾਰਾਂ ਦਾ ਪ੍ਰਭਾਉ ਅੱਜ ਉਸਨੂੰ ਵੀ ਭਾਵੁਕਤਾ ਅਤੇ ਆਪਣੇਪਨ ਦੇ ਅਹਿਸਾਸ ਨਾਲ ਅੱਥਰੂਆਂ ਦੇ ਹੜ ਵਿਚ ਹੜ੍ਹਾ ਕੇ ਲੈ ਗਿਆ।

ਫਰਵਰੀ ੨੦੦੯ ਦੇ ਆਖਰੀ ਹਫਤੇ ਟੈਲੀਫੂਨ ਤੇ ਆਪਣੀ ਸਿਹਤ ਬਾਰੇ ਪੂਨੇ ਵਿਚ ਵਸੀ ਆਪਣੀ ਸਪੁੱਤਰੀ ਨਾਲ ਗੱਲ ਕਰਦਿਆਂ ਆਖਰੀ ਬਚਨ ਇਹੋ ਹੀ ਸਨ "ਕਿ ਮੈਂ ਬੱਸ ਕਿਨਾਰੇ ਤੇ ਹੀ ਬੈਠਾ ਹਾਂ ਕਦੋਂ ਬੁਲਾਵਾ ਆ ਜਾਏ" ਮਾਰਚ ੨੦੦੯ ਦਾ ਤੀਸਰਾ ਹਫਤਾ ਉਹਨਾਂ ਨੂੰ ਆਪਣੀ ਮੰਜ਼ਿਲ ਤੇ ਪਹੁੰਚਾ ਕੇ ਹੀ ਮੁੱਕਿਆ।

ਸਾਡੇ ਲਈ ਮਹਾਨ ਮਾਰਗ ਦਰਸ਼ਕ, ਕਦਰਦਾਨ, ਸੰਤ ਸੁਭਾਉ, ਸਾਰੇ ਪਰਿਵਾਰ ਨੂੰ ਚਾਹੇ ਕਿਸੇ ਵੀ ਦੇਸ਼ ਦੇ ਕਿਸੇ ਵੀ ਕੋਣੇ ਵਿਚ ਬਸੇ ਬੱਚਿਆਂ ਨੂੰ ਆਪਸ ਵਿਚ ਬੜੀ ਮਜਬੂਤੀ ਨਾਲ ਜੋੜ ਕੇ ਰੱਖਣ ਵਾਲੀ ਮਹਾਨ ਆਤਮਾਂ ਜੋ ਜੀਵਨ ਭਰ "ਭਾਉ ਦੂਜਾ" ਤੋਂ ਦੂਰ ਇਕ ਅਕਾਲ ਪੁਰਖ ਨਾਲ ਜੁੜੀ ਇੱਕੋ ਇੱਕ ਮਹਾਨ ਸੰਸਥਾ ਇਸ ਭੌਤਿਕ ਸੰਸਾਰ ਤੋਂ ਵਿਦਾ ਹੋ ਉਸੇ ਵਿਚ ਸਮਾ ਗਈ ਜਿਸ ਤੇ ਜੀਵਨ ਭਰ ਟਿੱਕੀ ਹੋਈ ਸੀ ਉਹਨਾਂ ਦੇ ਜੀਵਨ ਦੀਆਂ ਮਿੱਠੀਆਂ ਯਾਦਾਂ ਨਾਲ, ਸਾਡੇ ਨਾਲ ਵੀ ਰਹੇਗੀ, ਹੁਣ ਇਸ ਹਰੀ ਭਰੀ ਬਾਗਬਾਨੀ ਨੂੰ ਉਸੇ ਤਰਾਂ ਰੱਖਣ ਵਿਚ ਕਿਸਦਾ ਕਿਤਨਾਂ ਹਿੱਸਾ ਹੋਵੇਗਾ ਅਕਾਲ ਪੁਰਖ ਹੀ ਜਾਣੇ।

ਸਾਡੇ ਮਠਾਰੂ ਪਰਿਵਾਰ ਵੱਲੋਂ ਭਾਵ ਭਰੀ ਸ਼ਰਧਾਂਜਲੀ।

*—ਮਹਿੰਦਰ ਸਿੰਘ 'ਚਿਤਾਰ"*



Namdhari Elibrary NamdhariElibrary@gmail.com

# 'ਸੱਜਣ ਮੇਰੇ ਰੰਗਲੇ'—ਨਵੀਂ ਕਿਤਾਬ

ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਵੱਲੋਂ ਪ੍ਰਸਿੱਧ ਸਾਹਿਤਕਾਰ ਨਿੰਦਰ ਘੁਗਿਆਣਵੀ ਦੀ ਪੁਸਤਕ 'ਸਜਣ ਮੇਰੇ ਰੰਗਲੇ' ਬੜੇ ਸੁੰਦਰ ਰੂਪ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ੧੪੩-ਸਫ਼ਿਆਂ ਦੀ ਇਹ ਕਿਤਾਬ ਲੇਖਕ ਨੇ ਆਪਣੇ ਮਨ-ਪਸੰਦ, ਨੇੜਲੇ ਅਤੇ ਵਿਛੜ ਚੁੱਕੇ ਸਾਹਿਤਕਾਰਾਂ, ਕਲਾਕਾਰਾਂ, ਤੇ ਪੰਜਾਬੀ ਕਲਾ-ਸੰਸਾਰ ਦੀਆਂ ਪ੍ਰਸਿੱਧ ਸ਼ਖਸੀਅਤਾਂ ਉੱਤੇ ਕੇਂਦਰਤ ਕੀਤੀ ਹੈ। ਪੁਸਤਕ ਦੇ ਆਰੰਭ ਵਿਚ ਹੀ ਲੇਖਕ ਨਿੰਦਰ ਘੁਗਿਆਣਵੀ ਨੇ ਦੱਸਿਆ ਹੈ ਕਿ ਇਹ ਪੁਸਤਕ ਲਿਖਣ ਦੀ ਪ੍ਰੇਰਨਾ ਦਾ ਮੁੱਢ ਕਦੋਂ ਤੇ ਕਿਵੇਂ ਬੱਝਿਆ। ਉਸਨੇ ਇਕ ਨੇਤਰਹੀਣ ਰਾਗੀ ਸਿੰਘ ਦੇ ਮੂੰਹੋਂ ਸੁਣੇ ਸ਼ਬਦ, 'ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ' ਦਾ ਪ੍ਰਭਾਵ ਕਬੂਲਿਆ ਤੇ ਇਸੇ ਧੁਨ ਨੂੰ ਗੁਣ-ਗੁਣਾਉਂਦਾ ਹੋਇਆ ਲੇਖਕ ਆਪਣੇ ਅਤੀ-ਨਜ਼ਦੀਕੀ ਕਲਮਕਾਰਾਂ ਦੀਆਂ ਯਾਦਾਂ ਤੇ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਚਿਤਵਦਾ ਹੋਇਆ ਲਿਖਦਾ ਰਿਹਾ। ਇਸ ਪੁਸਤਕ ਨੂੰ ਰੇਖਾ-ਚਿਤਰਾਂ ਦੀਆਂ ਪੁਸਤਕਾਂ ਦੀ ਸ਼੍ਰੇਣੀ ਵਿਚ ਇਸ ਲਈ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ, ਕਿਉਂਕਿ ਨਿੰਦਰ ਘੁਗਿਆਣਵੀ ਨੇ ਜਿਹੜੀਆਂ ਮਹਾਨ ਸ਼ਖਸੀਅਤਾਂ ਬਾਰੇ ਇਸ ਪੁਸਤਕ ਵਿਚ ਲਿਖਿਆ ਹੈ, ਉਸ ਨੇ ਉਨ੍ਹਾਂ ਦੇ ਰਹਿਣ-ਸਹਿਣ, ਚੰਗੀਆਂ-ਮਾੜੀਆਂ ਆਦਤਾਂ, ਉਨ੍ਹਾਂ ਦਾ ਜੀਵਨ-ਢੰਗ, ਉਨ੍ਹਾਂ ਦੀ ਕਲਾ-ਸਿਰਜਣਾ, ਉਨ੍ਹਾਂ ਦਾ ਅੰਤ ਵੇਲਾ, ਘਰੇਲੂ ਮਾਹੌਲ ਅਤੇ ਸਮੁੱਚੀ ਸ਼ਖਸੀਅਤ ਦੇ ਅਹਿਮ ਪੱਖਾਂ ਨੂੰ ਨਿੱਕੇ-ਨਿੱਕੇ ਵੇਰਵਿਆਂ ਨਾਲ ਬਿਆਨ ਕੀਤਾ ਹੋਇਆ ਹੈ।

ਸਭ ਤੋਂ ਪਹਿਲਾ ਲੇਖ ਨਾਵਲਕਾਰ ਗਿਆਨੀ ਕੇਸਰ ਸਿੰਘ ਕਨੇਡੀਅਨ ਬਾਰੇ ਹੈ। ਜਦੋਂ ਲੇਖਕ ਆਪਣੀ ਕਨੇਡਾ ਦੀ ਯਾਤਰਾ ਸਮੇਂ ਗਿਆਨੀ ਕੇਸਰ ਸਿੰਘ ਜੀ ਨੂੰ ਉਨ੍ਹਾਂ ਦੇ ਘਰ ਮਿਲਣ ਜਾਂਦਾ ਹੈ, ਤਾਂ ਗਿਆਨੀ ਜੀ ਦੀ ਬੀਮਾਰ ਅਵਸਥਾ, ਮਾੜੀ ਹੋ ਚੁੱਕੀ ਯਾਦ-ਸ਼ਕਤੀ ਆਦਿ ਬਾਰੇ ਬਹੁਤ ਹੀ ਦਿਲਚਸਪੀ ਨਾਲ ਵਰਨਣ ਕਰਦਾ ਹੈ। ਇਸ ਲੇਖ ਨੂੰ ਪੜ੍ਹਨ ਉਪਰੰਤ ਪਾਠਕ ਦਾ ਮਨ ਪਿਘਲਣ ਲਈ ਮਜਬੂਰ ਹੋ ਜਾਂਦਾ ਹੈ ਕਿ ਏਡਾ ਮਹਾਨ ਲੇਖਕ ਆਪਣੇ ਆਖੀਰਲੇ ਦਿਨ ਕਿਵੇਂ ਮਦਹੋਸ਼ੀ ਵਿਚ ਲੰਘਾਉਂਦਾ ਹੈ। ਉਸ ਨੂੰ ਨਹਾਉਣ ਸਮੇਂ ਪਾਣੀ ਤੋਂ ਵੀ ਡਰ ਲੱਗਣ ਲੱਗ ਪੈਂਦਾ ਹੈ। ਸਾਡੇ ਮਹਾਨ ਗੁਰੂ ਸਾਹਿਬਾਨਾਂ ਦੇ ਜੀਵਨ ਨੂੰ ਆਧਾਰ ਬਣਾ ਕੇ ਅਨੇਕਾਂ ਪੁਸਤਕਾਂ ਤੇ ਧਾਰਮਿਕ ਨਾਵਲ ਲਿਖਣ ਵਾਲੇ ਸਾਹਿਤਕਾਰ ਹਰਨਾਮ ਦਾਸ ਸਹਿਰਾਈ ਬਾਰੇ ਲਿਖਿਆ ਲੇਖ ਬਹੁਤ ਹੀ ਰੋਚਿਕ ਹੈ। ਲੇਖਕ ਲਿਖਦਾ ਹੈ ਕਿ ਕਿਵੇਂ ਸਹਿਰਾਈ ਦਾਰੂ ਪੀ ਕੇ ਲੋਕਾਂ ਨੂੰ ਗਾਲਾਂ ਕਢਦਾ ਸੀ, ਲੋਕ ਫਿਰ ਵੀ ਉਸਦਾ ਦਿਲੋਂ ਸਤਿਕਾਰ ਕਰਦੇ ਸਨ, 'ਮਾਂਈ ਯਾ' ਉਸਦਾ ਤਕੀਆ ਕਲਾਮ ਸੀ, ਛੋਟੀਆਂ-ਛੋਟੀਆਂ ਯਾਦਾਂ ਏਨੀਆਂ ਦਿਲਚਸਪ ਹਨ ਕਿ ਪਾਠਕ ਅੱਗੇ-ਅੱਗੇ ਪੜ੍ਹਨ ਲਈ ਉਤਾਵਲਾ ਹੁੰਦਾ ਤੁਰਿਆ ਜਾਂਦਾ ਹੈ। ਬਲਵੰਤ ਗਾਰਗੀ ਨੂੰ ਨਾ ਮਿਲ ਸਕਣ ਦਾ ਵਿਗੋਚਾ ਨਿੰਦਰ ਘੁਗਿਆਣਵੀ ਦੇ ਢਿੱਡ ਵਿਚ ਹੀ ਰਹਿ ਜਾਂਦਾ ਹੈ, ਪਰ ਫਿਰ ਵੀ ਗਾਰਗੀ ਬਾਰੇ ਲਿਖਿਆ, 'ਇਕ ਸੀ ਬਲਵੰਤ ਗਾਰਗੀ' ਉਸ ਪ੍ਰਤੀ ਲੇਖਕ ਦੀ ਸੱਚੀ-ਸ਼ਰਧਾ ਦਾ ਪ੍ਰਗਟਾਵਾ ਹੈ।

'ਮਿੱਤਰਾਂ ਦੀ ਲੂਣ ਦੀ ਡਲੀ..ਨੀਂ ਤੂੰ ਮਿਸ਼ਰੀ ਬਰਾਬਰ ਜਾਣੀ' ਵਰਗੇ ਸਦਾ-ਬਹਾਰ ਤੇ ਪ੍ਰਸਿੱਧ ਗੀਤਾਂ ਦੇ ਲੇਖਕ ਗੁਰਦੇਵ ਸਿੰਘ ਮਾਨ ਦੇ ਵਿਛੋੜੇ ਦੀ ਖ਼ਬਰ ਸੁਣ ਕੇ ਲੇਖਕ ਨੂੰ ਮਹਿਸੂਸ ਹੁੰਦਾ ਹੈ, ਤੇ ਉਹ ਇੰਜ ਲਿਖਦਾ ਹੈ, 'ਗੜਬੀ ਦਾ ਪਾਣੀ ਡੁੱਲ੍ਹ ਗਿਆ ਸੀ..ਅੰਮ੍ਰਿਤ ਵਰਗਾ..ਸ਼ੁੱਧ ਤੇ ਸ਼ੱਫ਼ਾਫ ਪਾਣੀ..ਤੇ ਮਿਸ਼ਰੀ ਦੀ ਡਲੀ ਖੁਰ ਗਈ ਸੀ..।' ਗ਼ਜ਼ਲ ਦੇ ਬਾਬਾ ਬੋਹੜ ਉਸਤਾਦ ਦੀਪਕ ਜੈਤੋਈ ਬਾਰੇ ਰੇਖਾ-ਚਿਤਰ ਪੰਨਾ-੪੩ ਤੋਂ ਪੰਨਾ-੫੨ ਤੱਕ ਦਰਜ ਹੈ, ਜਿਸ ਵਿਚ ਲੇਖਕ ਪਾਠਕ ਨੂੰ ਉਂਗਲੀ ਫੜ੍ਹ ਕੇ ਆਪਣੇ ਨਾਲ-ਨਾਲ ਹੀ ਤੋਰ ਲੈਂਦਾ ਹੈ, ਆਰੰਭ ਵਿਚ ਹੀ ਰੇਡੀਉ ਸਟੇਸ਼ਨ ਵਿਚ ਇਕ ਰਿਕਾਰਡਿੰਗ ਸਮੇਂ ਦੀਪਕ ਜੀ ਨਾਲ ਹੋਈ ਆਪਣੀ ਲੜਾਈ ਦਾ ਜ਼ਿਕਰ ਏਨੀ ਦਿਲਚਸਪੀ ਨਾਲ ਕਰ ਦਿੰਦਾ ਹੈ ਕਿ ਪਾਠਕ ਅੱਗੇ ਪੜ੍ਹਨ ਲਈ ਉਤਸਕ ਹੋ ਜਾਂਦਾ ਹੈ ਕਿ ਦੇਖੀਏ ਅਗਾਂਹ ਕੀ ਵਾਪਰਦਾ ਹੈ? ਦੀਪਕ ਜੀ ਪ੍ਰਤੀ ਆਪਣੀ ਅਪਾਰ ਸ਼ਰਧਾ, ਯਾਦਾਂ, ਮਿਲਣੀਆਂ ਆਦਿ ਦਾ ਬੜੀ ਖ਼ੂਬਸੂਰਤੀ ਨਾਲ ਵਰਨਣ ਕੀਤਾ ਹੋਇਆ ਹੈ।

ਪਟਿਆਲਾ ਦੇ ਮਹਾਨ ਸੰਗੀਤ ਘਰਾਣੇ ਦੇ ਉਸਤਾਦ ਬਾਕੁਰ ਹੁਸੈਨ ਬਾਰੇ, 'ਨਹੀਓਂ ਲੱਭਣੇ ਲਾਲ ਗੁਆਚੇ' ਸਿਰਲੇਖ ਤਹਿਤ ਲੇਖ ਦਰਜ ਹੈ, ਉਸਤਾਦ ਜੀ ਦੀ ਪਤਲੀ ਆਰਥਿਕ ਹਾਲਤ, ਬਿਮਾਰੀਆਂ, ਉਦਾਸੀ ਆਦਿ ਦਾ ਜ਼ਿਕਰ ਇਕ-ਦੋ ਮਿਲਣੀਆਂ ਵਿਚ ਹੀ ਬਿਆਨ ਕਰ ਦਿੱਤਾ ਹੈ, ਲੇਖਕ ਲਿਖਦਾ ਹੈ, 'ਉਸਤਾਦ ਜੀ ਦੇ ਬੋਲਾਂ ਵਿਚ ਦਰਦ ਸੀ..ਨਿਰਾਸ਼ਾ ਤੇ ਉਦਾਸੀ ਵੀ ਲੱਭੀ ਹੋਈਸੀ..ਢੇਰ ਸਾਰੇ ਗ਼ਮ ਤੇ ਫਿਕਰ ਸਨ..ਦਿਲ ਢੱਠਾ ਹੋਇਆ ਸੀ..ਰਾਗ ਰੁੱਸੇ ਹੋਏ ਸਨ..ਵਾਜੇ



Namdhari Elibrary NamdhariElibrary@gmail.com

ਟੇਢੇ ਸਨ..ਤਬਲੇ ਮੂਧੇ ਸਨ..ਸਿਤਾਰ ਦੀਆਂ ਤਾਰਾਂ ਢਿਲਕ ਗਈਆਂ ਸਨ।' ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੇ ਜੀਵਨ ਤੇ ਸੰਗੀਤ ਕਲਾ ਬਾਰੇ ਪੁਸਤਕ ਲਿਖਣ ਸਮੇਂ ਨਿੰਦਰ ਘੁਗਿਆਣਵੀ ਆਪਣੀ ਤੇਜ਼-ਤਰਾਰ ਅੱਖ ਨਾਲ ਸੁਰਿੰਦਰ ਕੌਰ ਦੀ ਸਮੁੱਚੀ ਸ਼ਖ਼ਸੀਅਤ ਨੂੰ ਆਪਣੀ ਕਲਮ ਦੇ ਕਲਾਵੇ ਵਿਚ ਲੈ ਲੈਂਦਾ ਹੈ, ਉਹ ਆਪਣੀ ਨਾਨੀ ਨਾਲ ਗੱਲਾਂ ਕਰਨ ਵਾਂਗ ਉਸ ਨਾਲ ਵੀ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗਦਾ ਹੈ, ਸੁਰਿੰਦਰ ਕੌਰ ਉਸਨੂੰ, 'ਵੇ ਬੱਚਿਆ..ਵੇ ਬੱਚਿਆ' ਕਹਿ ਕੇ ਬੁਲਾਉਣ ਲੱਗਦੀ ਹੈ।

ਆਪਣੇ ਜੀਵਨ ਦਾ ਲੰਮਾ ਸਮਾਂ ਪੰਜਾਬੀਆਂ ਦੇ ਮਨਾਂ ਉੱਤੇ ਦੋਗਾਣਾ ਗਾਇਕੀ ਰਾਹੀਂ ਰਾਜ ਕਰਨ ਵਾਲੀ ਗਾਇਕ-ਜੋੜੀ ਚਾਂਦੀ ਰਾਮ ਤੇ ਸ਼ਾਂਤੀ ਦੇਵੀ ਬਾਰੇ ਬੜਾ ਹੀ ਭਾਵ-ਪੂਰਤ ਤੇ ਜਾਣਕਾਰੀ ਭਰਪੂਰ ਲੇਖ ਪੰਨਾ ੮੦ ਤੋਂ ੮੭ ਤੱਕ ਪ੍ਰਕਾਸ਼ਿਤ ਹੈ, ਚਾਂਦੀ ਰਾਮ ਨੂੰ ਸ਼ਰਾਬ ਤਬਾਹ ਕਰ ਦਿੰਦੀ ਹੈ, ਜੇਲ ਵੀ ਕੱਟ ਆਉਂਦਾ ਹੈ, ਉਸਦਾ ਘਰ-ਬਾਰ ਵੀ ਵਿੱਕ ਜਾਂਦਾ ਹੈ, ਸ਼ਾਂਤੀ ਦੇਵੀ ਆਤਮ-ਹੱਤਿਆ ਕਰ ਚੁੱਕੀ ਹੁੰਦੀ ਹੈ, ਚਾਂਦੀ ਰਾਮ ਬਸ ਅੱਡਿਆਂ ਉਤੇ ਭਟਕਦਾ ਫਿਰਦਾ ਹੈ, ਫੁੱਟ-ਪਾਥਾਂ ਉਤੇ ਸੌਂਦਾ ਹੈ, ਸ਼ਰਾਬ ਪੀਤੀ ਵਿਚ ਉਹ ਸ਼ਾਂਤੀ ਦੇਵੀ ਨੂੰ ਅਵਾਜ਼ਾਂ ਮਾਰਦਾ ਹੈ, 'ਓ ਸ਼ਾਂਤੀ..ਓ ਮੇਰੀ ਸ਼ਾਂਤੀ..ਤੂੰ ਕਿੱਥੇ ਚਲੀ ਗਈ ਏਂ ਸ਼ਾਂਤੀ..।' ਉਸਦੀ ਦਰਦੀਲੀ ਹੂਕ ਸੁਣ ਕੇ ਬਸ ਅੱਡੇ ਵਿਚ ਫਿਰਦੇ ਅਵਾਰਾ ਕੁੱਤੇ ਭੌਂਕਣ ਲੱਗਦੇ ਹਨ, ਚੁੱਪ ਰਾਤ ਦਾ ਸੰਨਾਟਾ ਟੁੱਟ ਜਾਂਦਾ ਹੈ। ਸੂਫ਼ੀ ਕੁੜੀ ਏਡੀ ਵੱਡੀ ਲੋਕ-ਗਾਇਕਾ ਵਜੋਂ ਦੁਨੀਆਂ ਭਰ ਵਿਚ ਪ੍ਰਸਿੱਧ ਹੋ ਜਾਂਦੀ ਹੈ, ਲੇਖਕ ਲਿਖਦਾ ਹੈ, 'ਨੂਰਾਂ ਦੀ ਅਵਾਜ਼ ਵਿਚ ਹੇਕ ਸੀ..ਹੂਕ ਸੀ..ਹਉਕਾ ਸੀ..ਤੇ ਹੇਰਵਾ ਸੀ..।' ਇਨ੍ਹਾਂ ਤੋਂ ਇਲਾਵਾ ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਦਿਲਸ਼ਾਦ ਅਖ਼ਤਰ, ਹਰਭਜਨ ਹਲਵਾਰਵੀ, ਹਰਭਜਨ ਬਟਾਲਵੀ, ਇਕਬਾਲ ਅਰਪਣ, ਆਦਿ ਨਾਲ ਆਪਣੇ ਨੇੜਲੇ ਸਬੰਧਾਂ ਦਾ ਜ਼ਿਕਰ ਤੇ ਅਭੁੱਲ ਯਾਦਾਂ, ਨਿੱਕੀਆਂ-ਨਿੱਕੀਆਂ ਛੁਹਾਂ ਤੇ ਬਹੁਤ ਕੋਮਲ ਤੇ ਸਰਲ ਸ਼ਬਦਾਂ ਵਿਚ ਪ੍ਰਗਟ ਕੀਤੀਆਂ ਹੋਈਆਂ ਹਨ।

ਇਹ ਪੁਸਤਕ ਪੜ੍ਹਨ ਵਾਲੀ ਹੀ ਨਹੀਂ, ਸਗੋਂ ਸਾਂਭ ਕੇ ਰੱਖਣ ਵਾਲੀ ਵੀ ਹੈ, ਜਿਸ ਵਿੱਚੋਂ ਪੰਜਾਬੀ ਕਲਾ ਤੇ ਸਾਹਿਤ ਸੰਸਾਰ ਦੀਆਂ ਵਿੱਛੜ ਚੁੱਕੀਆਂ, ਮਹਾਨ ਤੇ ਸ਼ਾਨਾ-ਮੱਤੀਆਂ ਸ਼ਖ਼ਸੀਅਤਾਂ ਦੇ ਖੁੱਲ੍ਹੇ-ਡੁੱਲ੍ਹੇ ਦੀਦਾਰ ਹੁੰਦੇ ਹਨ, ਇਸ ਵਡਮੁੱਲੇ ਕਾਰਜ ਲਈ ਨਿੰਦਰ ਘੁਗਿਆਣਵੀ ਵਧਾਈ ਦਾ ਹੱਕਦਾਰ ਹੈ। ਪੁਸਤਕ ਪ੍ਰਾਪਤੀ ਲਈ ਸੰਪਰਕ ਫ਼ੋਨ ਹੈ-੯੪੧੭੫-੪੮੧੩੨

*ਹੈਪੀ ਸੰਧੂ ਬੁੱਟਰ*
*ਸੰਧੂ ਐਗਰੋ ਕੈਮੀਕਲਜ਼*
*ਸਾਦਿਕ ਮੰਡੀ (ਫ਼ਰੀਦਕੋਟ)*

## ਸ. ਬਲਬੀਰ ਸਿੰਘ ਭੁੱਲਰ ਕਰੀਵਾਲਾ ਨਮਿਤ ਸਮਾਗਮ

ਇਲਾਕਾ ਸ੍ਰੀ ਜੀਵਨ ਨਗਰ ਦੇ ਪ੍ਰਸਿਧ ਕਾਂਗਰਸੀ ਆਗੂ ਸ. ਬਲਬੀਰ ਸਿੰਘ ਭੁੱਲਰ (੫੨) ਦਾ ਪਿਛਲੇ ਦਿਨੀਂ ਦੇਹਾਂਤ ਹੋਣ ਬਾਦ ਪਿੰਡ ਕਰੀਵਾਲਾ ਵਿਖੇ ਪਾਠ ਦਾ ਭੋਗ ਪਾ ਕੇ ਉਹਨਾਂ ਦੀਆਂ ਭਾਈਚਾਰੇ ਅਤੇ ਪੰਥ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ। ਸ. ਭੁੱਲਰ, ਪਿੰਡ ਪਾਜੀਵਾਲਾ ਜ਼ਿਲਾ ਲਹੌਰ ਦੇ ਪ੍ਰਸਿੱਧ ਨਾਮਧਾਰੀ ਸੰਤ ਸੁੰਦਰ ਸਿੰਘ ਦਾ ਪੋਤਰਾ, ਅਤੇ ਸ. ਤਾਰਾ ਸਿੰਘ ਦਾ ਸਪੁੱਤਰ ਸੀ। ਉਹਨਾਂ ਦੇ ਨਾਨਕੇ ਪਿੰਡ ਰਾਜਾ (ਗੁਜਰਾਂਵਾਲਾ) ਦੇ ਪ੍ਰਸਿੱਧ ਨਾਮਧਾਰੀ ਸ. ਸੋਹਣ ਸਿੰਘ ਦੇ ਘਰ ਸਨ। ਇਲਾਕਾ ਸ੍ਰੀ ਜੀਵਨ ਨਗਰ ਦੀ ਪ੍ਰਸਿੱਧ ਲੋਕ ਪੱਖੀ ਸ਼ਖ਼ਸੀਅਤ ਕਾਮਰੇਡ ਜਸਵੰਤ ਸਿੰਘ ਰਾਜ ਉਹਨਾਂ ਦੇ ਮਾਮਾ ਜੀ ਸਨ। ਉਹਨਾਂ ਦੇ ਘਰੋਂ ਬੀਬੀ ਅਮਰ ਕੌਰ ਪ੍ਰਸਿੱਧ ਨਾਮਧਾਰੀ ਸੰਤ ਆਲਾ ਸਿੰਘ ਵਰਨ ਦੇ ਭਤੀਜੇ ਦੀ ਪੁੱਤਰੀ ਸੀ।

ਬਲਬੀਰ ਸਿੰਘ ਨੇ ਆਪਣਾ ਰਾਜਨੀਤਕ ਜੀਵਨ, ਤਿੰਨ ਦਹਾਕੇ ਪਹਿਲਾਂ ਕਮਿਊਨਿਸਟ ਪਾਰਟੀ ਤੋਂ ਸ਼ੁਰੂ ਕੀਤਾ ਅਤੇ ਅੱਜ ਕਲ ਉਹ ਕਾਂਗਰਸ ਦੇ ਸਰਗਰਮ ਵਰਕਰ ਸਨ। ਇਕ ਸਾਲ ਪਹਿਲਾਂ ਹੀ ਇਸ ਪਿੰਡ ਦਾ ਉਘਾ ਕਾਂਗਰਸੀ ਕਾਰਕੁੰਨ ਬਲਦੇਵ ਸਿੰਘ ਵੀ ਚਲ ਵਸਿਆ ਸੀ ਜੋ ਸ. ਬਲਬੀਰ ਸਿੰਘ ਭੁੱਲਰ ਦਾ ਮਿੱਤਰ ਸੀ।

ਸ੍ਰੀ ਭੈਣੀ ਸਾਹਿਬ ਦੇ ਗੁਰੂ ਦਰਬਾਰ ਦੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਦੇ ਜੱਥੇ ਨੇ ਵੈਰਾਗਮਈ ਕੀਰਤਨ ਕੀਤਾ। ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਐਮ. ਪੀ ਅਤੇ ਪ੍ਰਧਾਨ ਪੰਜਾਬ ਕਾਂਗਰਸ; ਹਰਿਆਣਾ ਯੋਜਨਾ ਬੋਰਡ ਦੇ ਉਪ ਮੁਖੀ ਚੌਧਰੀ ਰਣਜੀਤ ਸਿੰਘ ਚੌਟਾਲਾ, ਕਾਂਗਰਸੀ ਵਿਧਾਇਕ ਭਰਤ ਸਿੰਘ ਬੈਨੀਵਾਲ, ਕਪੂਰਥਲਾ ਦੇ ਉਘੇ ਕਾਂਗਰਸੀ ਨੇਤ ਗੁਰਤੇਜ ਸਿੰਘ ਚੀਮਾ ਅਤੇ ਇਲਾਕੇ ਦੀ ਨਾਮਧਾਰੀ ਸੰਗਤ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਸਨ। ਮੰਚ ਦੀ ਸੰਚਾਲਨਾ ਪ੍ਰਸਿੱਧ ਲੇਖਕ ਅਤੇ ਬੁਲਾਰੇ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਆਪਣੀ ਰਵਾਇਤੀ ਨਿਪੁੰਨਤਾ ਨਾਲ ਕੀਤੀ।



Namdhari Elibrary NamdhariElibrary@gmail.com

## ਵਿਸ਼ਵ ਪੰਜਾਬੀ ਕਾਨਫਰੰਸ ਵਿਚ ਨਾਮਧਾਰੀਆਂ ਦੀ ਸਾਰਥਿਕ ਭੂਮਿਕਾ

*—ਕੁਲਦੀਪ ਸਿੰਘ ਪੱਟੀ*

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਿਸਦਾ ਭਾਰਤੀ ਸਿਖਿਆ ਪ੍ਰਣਾਲੀ ਵਿਚ ਅੰਤਰਰਾਸ਼ਟਰੀ ਅਕਸ ਪ੍ਰਸੰਸਾ ਯੋਗ ਹੈ ਵੱਲੋਂ ਡਾਇਮੰਡ ਜੁਬਲੀ ਸਮਾਰੋਹ ਨੂੰ ਸਮਰਪਤ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਜਿਸਦਾ ਉਦਘਾਟਨ ਪੰਜਾਬ ਦੇ ਸਿੱਖ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ, ਵਿਚ ਭਾਰਤੀ ਅਜ਼ਾਦੀ ਲਹਿਰ ਦੇ ਪ੍ਰਮੁੱਖ ਪ੍ਰਵਾਨਿਆਂ ਦੀ ਕੌਮ ਦੇ ਵਾਰਸ ਮਾਣਯੋਗ ਨਾਮਧਾਰੀਆਂ ਦੀ ਸਾਰਥਿਕ ਭੂਮਿਕਾ ਲੇਖਕ ਪੱਟੀ ਨੇ ਗੰਭੀਰਤਾ ਨਾਲ ਤੁਲਨਾਤਮਿਕ ਅਧਿਐਨ ਕਰਕੇ ਲਿਖੀ ਕਿਉਂਕਿ ਸਮਾਰੋਹ ਦੇ ਉਦਘਾਟਨੀ ਮੌਕੇ ਪ੍ਰਧਾਨਗੀ ਮੰਡਲ 'ਚ ਸਤਿਕਾਰਯੋਗ ਸ. ਐਚ ਐਸ. ਹੰਸਪਾਲ ਸੁਸ਼ੋਭਤ ਸਨ। ਸ. ਹੰਸਪਾਲ ਦਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਭਾਸ਼ਨ ਬਹੁਤ ਅਰਥ ਭਰਪੂਰ ਸੀ। ਉਹ ਪਹਿਲੇ ਉਥੇ ਨਾਮਧਾਰੀ ਆਗੂ ਮੈਨੂੰ ਸਟੇਜ ਤੇ ਨਜ਼ਰ ਆਏ ਜਿਹਨਾਂ ਨੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਬੰਧਕਾਂ ਵਿਚ ਯੂਨੀਵਰਸਿਟੀ ਉਪ ਕੁਲਪਤੀ ਚੌਧਰੀ ਰਣਧੀਰ ਸੋਬਤੀ ਨੂੰ ਇਕ ਲੱਖ ਰੁਪੈ ਨਕਦ ਦੇ ਕੇ ਪਹਿਲ ਕਦਮੀ ਕੀਤੀ। ਹੰਸਪਾਲ ਪੰਜਾਬੀ ਪ੍ਰਤੀ ਸੁਹਿਰਦ ਜਾਪੇ।

ਡਾ. ਦੀਪਕ ਮਨਮੋਹਨ ਸਿੰਘ ਨੇ ਸਟੇਜ ਤੇ ਖੁਦ ਮਾਈਕ ਤੇ ਆ ਕੇ ਸ੍ਰੀ ਹੰਸਪਾਲ ਦੀ ਪ੍ਰਸੰਸਾ ਕੀਤੀ ਜਿਹਨਾਂ ਨੇ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਵੱਡਮੁਲੇ ਵਿਚਾਰ ਸਾਂਝੇ ਕਰਨ ਦੇ ਨਾਲ ਇਸ ਗੱਲ ਦੀ ਵੀ ਹਮਾਇਤ ਕੀਤੀ ਕਿ ਪੰਜਾਬ ਯੂਨੀਵਰਸਿਟੀ ਆਪਣੀ ਪੰਜਾਬੀ ਯੂਨੀਵਰਸਿਟੀ ਲਹੌਰ ਨਾਲ ਰਲ ਕੇ ਦੋਵਾਂ ਪੰਜਾਬ ਯੂਨੀਵਰਸਿਟੀਆਂ ਦੇ ਸਾਂਝਾ ਵੈਬਸਾਈਟ ਵੀ ਜਾਰੀ ਹੋਵੇ। ਨਾਮਧਾਰੀ ਪ੍ਰਤੀਨਿਧੀਆਂ ਨੇ ਕਾਨਫਰੰਸ ਦੀ ਗੁਣਾਤਮਿਕ ਸ਼ੋਭਾ ਵਧਾਈ।

੩੦ ਅਤੇ ੩੧ ਮਾਰਚ ਨੂੰ ਦੋਵੇਂ ਦਿਨ ਉਦਘਾਟਨ ਤੇ ਸਮਾਪਤੀ ਸਮਾਰੋਹ ਤੱਕ ਹਾਜ਼ਰੀ ਭਰ ਕੇ ਮੈਂ ਅਲੋਚਕ ਪੱਟੀ ਨੇ ਵੇਖਿਆ ਕਿ ਵੱਡੀ ਗਿਣਤੀ ਵਿਚ ਨਾਮਧਾਰੀ, ਲੇਖਕ ਇਸ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਨਾਮਧਾਰੀ ਬਾਣੀ ਤੇ ਬਾਣੇ ਵਿਚ ਪਰਪੱਕ ਹੋ ਕੇ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਨਾਮਧਾਰੀ ਮਿਤਰਾਂ ਵਲੋਂ ਨਾਮਧਾਰੀ ਸਾਹਿਤ ਬੁੱਧੀਜੀਵੀ ਲੇਖਕਾਂ ਨੂੰ ਮੁਫਤ ਵੀ ਵੰਡਿਆ ਗਿਆ। ਇਹ ਨਾਮਧਾਰੀਆਂ ਦਾ ਵੱਡਾ ਉਦਮ ਹੈ।

ਕਾਨਫਰੰਸ ਵਿਚ ਨਾਮਧਾਰੀ ਮੈਗਜ਼ੀਨ 'ਸਤਿਜੁਗ' ਦਾ ਬਸੰਤ ਅੰਕ ਵੀ ਮੈਨੂੰ ਪ੍ਰਾਪਤ ਹੋਇਆ ਜਿਸਦੇ ਮੁੱਖ ਪੰਨੇ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੁਤੰਤਰਤਾ ਸੰਗਰਾਮ ਲਈ ਪਹਿਲੀ ਨਾਮਿਲਵਰਤਨ ਤੇ ਸਦੇਸ਼ੀ ਲਹਿਰ ਦਾ ਸਿੰਘ ਨਾਦ ਕਰ ਰਹੇ ਹਨ। ਨਾਲ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਤਸਵੀਰ ਅੰਕਤ ਹੈ। ਸਤਿਜੁਗ ਦੇ ਬਸੰਤ ਅੰਕ ਵਿਚ ੨੨ ਲੇਖ ਖੋਜ ਭਰਪੂਰ ਹਨ ਜਿਹਨਾਂ ਵਿਚ ਨਾਮਧਾਰੀ ਸੰਘਰਸ਼ ਦਾ ਇਤਿਹਾਸਕ ਜ਼ਿਕਰ ਹੈ। ਸਤਿਜੁਗ ਦਾ ਪ੍ਰਥਮ ਅਸਹਿਯੋਗ ਅੰਦੋਲਨ ਅੰਕ ਪ੍ਰਾਪਤ ਕਰਕੇ ਤੇ ਪੜ੍ਹਕੇ ਮੈਂ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਨਾਮਧਾਰੀਆਂ ਦੀ ਸਾਰਿਥਕ ਭੂਮਿਕਾ ਲਿਖਣੋਂ ਨਾ ਰਹਿ ਸਕਿਆ। ਹੰਸਪਾਲ ਜੀ ਪੰਜਾਬ ਤੇ ਕੇਂਦਰੀ ਸਿਆਸਤ ਵਿਚ ਫਿਰ ਹੀਰੋ ਵਜੋਂ ਉਭਰ ਸਕਦੇ ਹਨ ਕਿਉਂਕਿ ਵਿਸ਼ਵ ਕਾਨਫਰੰਸ ਵਿਚ ਉਹ ਵਿਚਾਰਾਂ ਨਾਲ ਛਾ ਗਏ।

ਵਰਿਆਮ ਦੇ ਸਤਿਕਾਰਯੋਗ ਮੁੱਖ ਸੰਪਾਦਕ ਸ. ਜਗਦੀਸ਼ ਸਿੰਘ ਜੀ ਵਰਿਆਮ ਜਿਹਨਾਂ ਦੀ ਕਿਤਾਬ "ਖਿਲਰੇ ਪਤਰੇ" ਮੈਂ ਪੜ੍ਹਕੇ ਲਿਖਣ ਦੀ ਪ੍ਰੀਕਿਆ ਜਾਰੀ ਰੱਖੀ ਹੈ ਨਾਲ ਜਲੰਧਰ ਫੇਰੀ ਸਮੇਂ ਲੇਖ ਲਿਖਣ ਦਾ ਵਾਇਦਾ ਕਰ ਕੇ ਆਇਆ ਜਦੋਂ ਉਹ ਸ. ਗੁਰਬਖਸ਼ ਸਿੰਘ ਬੰਨੋਆਣਾ ਪੱਤਰਕਾਰ ਬਾਬਾ ਬੋਹੜ ਦੇ ਫੁੱਲ ਚੁਗ ਕੇ ਦਫਤਰ ਗ਼ਮਗੀਨ ਬੈਠੇ ਵਰਿਆਮ ਲਈ ਸਮੱਗਰੀ ਸੰਪਾਦਨ ਕਰ ਰਹੇ ਸਨ।

ਚੰਡੀਗੜ੍ਹ ਦੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਅਮਰੀਕਾ ਕਨੇਡਾ ਆਸਟਰੇਲੀਆ, ਯੂ.ਕੇ, ਪਾਕਿਸਤਾਨ ਸਮੇਤ ੨੫ ਦੇਸ਼ਾਂ ਦੇ ੬੨੫ ਡੈਲੀਗੇਟਾਂ ਨਾਲ ਗੱਲਾਂ ਬਾਤਾਂ, ੬ ਸੈਸ਼ਨਾਂ ਵਿਚ ਪੜ੍ਹੇ ੧੯ ਪਰਚਿਆਂ ਦੀ ਸਮੀਖਿਆ ਤੇ ਨਾਮਧਾਰੀਆਂ ਨਾਲ ਵਿਚਾਰ ਚਰਚਾ ਬਹੁਤ ਪ੍ਰਭਾਵਸ਼ਾਲੀ ਲੱਗੀ। ਵਿਸ਼ਵ ਪੰਜਾਬੀ ਕਾਨਫਰੰਸ ਵਿਚ ਕੂਕਾ ਅੰਦੋਲਨ ਤੇ ਸ਼ਹੀਦ ਭਗਤ ਸਿੰਘ ਬਾਰੇ ਵੀ ਕਿਤਾਬਚਾ ਨਾਮਧਾਰੀ ਭਰਾਵਾਂ ਨੇ ਯੂਨੀਵਰਸਿਟੀ ਦੇ ਲਾਅ ਵਿਭਾਗ ਦੇ ਆਡੀਟੋਰੀਅਮ ਵਿਚ ਧੰਨਵਾਦ ਸਹਿਤ ਮੈਨੂੰ ਭੇਟ ਕੀਤਾ ਜੋ ਕਿ ਮੈਂ ਆਪਣੇ ਛੋਟੇ ਭਰਾ ਸ. ਤਜਿੰਦਰਪਾਲ ਸਿੰਘ ਪੱਟੀ ਡੋਅਰੀ ਇਨਸਪੈਕਟਰ ਚੰਡੀਗੜ੍ਹ ਦੇ ਨਿਵਾਸ ਤੇ ਰਾਤ ਵਿਸ਼ਰਾਮ ਸਮੇਂ ਅਧਿਐਨ ਕੀਤਾ। ਮੈਂ ਆਪਣੇ ਭਤੀਜੇ ਪ੍ਰਭਜੋਤ ਪੱਟੀ ਨੂੰ ਦੱਸਿਆ ਕਿ ਕੂਕੇ ਨਾਮਧਾਰੀ ਸ਼ਹੀਦ ਬਾਬੇ ਤੇ ਸ. ਭਗਤ ਸਿੰਘ ਤੋਂ ਸਦਾ ਸੇਧ ਮਿਲਦੀ ਹੈ ਕਿ ਦੇਸ਼ ਕੌਮ ਲਈ ਕੁਰਬਾਨੀ ਇਤਿਹਾਸਕ ਰੰਗ ਵਿਖਾਉਂਦੀ ਹੈ। ਕੂਕਿਆਂ ਦਾ ਸਾਹਿਤ ਮੈਂ ਨਿਜੀ ਲਾਇਬਰੇਰੀ ਲਈ ਸੰਭਾਲ ਲਿਆ।

ਮੈਂ ਵਿਸ਼ਵ ਪੰਜਾਬੀ ਕਾਨਫਰੰਸ ਅੰਮ੍ਰਿਤਸਰ ੧੯੯੫, ੨੦੦੦ ਵਿਚ ਚੰਡੀਗੜ੍ਹ, ੨੦੦੭ ਵਿਚ ਜਲੰਧਰ ਵੀ ਪੱਤਰਕਾਰੀ ਲਈ ਕਵਰ ਕਰ ਚੁੱਕਾ ਹਾਂ, ਪਰ ਹਰ ਥਾਂ ਤੇ ਮੈਂ



Namdhari Elibrary NamdhariElibrary@gmail.com

ਨਾਮਧਾਰੀਆਂ ਨੂੰ ਪੰਜਾਬ ਪੰਜਾਬੀ ਤੇ ਪੰਜਾਬੀਅਤ ਲਈ ਸੱਚੇ ਸੁੱਚੇ ਤੇ ਨਿਸ਼ਕਾਮ ਸੇਵਾ ਤੇ ਪਹਿਰੇ ਲਈ ਬੇਹੱਦ ਪ੍ਰਭਾਵਤ ਹੋਇਆ ਹਾਂ। ਨਾਮਧਾਰੀ ਲਹਿਰ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਹੈ, ਦੇਸ਼ ਭਗਤੀ ਹੈ, ਵਤਨ ਪ੍ਰਸਤੀ ਹੈ। ਨਾਮਧਾਰੀ ਹਰ ਖੇਤਰ 'ਚ ਅਗੇ ਵਧ ਰਹੇ ਹਨ। ਵਰਿਆਮ ਦੇ ਪਾਠਕਾਂ ਲਈ ਜ਼ਿਕਰਯੋਗ ਹੈ ਕਿ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਬੀਬੀਆਂ ਦੀ ਅਹਿਮ ਭੂਮਿਕਾ ਰਹੀ ਹੈ। ਇਸ ਮੌਕੇ ਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਉਪਰ ਚੇਅਰਮੈਨ ਸ੍ਰੀ ਮੂਲ ਚੰਦ ਸ਼ਰਮਾ ਦਾ ਭਾਸ਼ਨ ਸਵੈਮਾਨ ਤੇ ਸਵੈ ਸੁਰਖਿਆ ਦੀ ਮਾਨਵੀ ਅਧਿਕਾਰਾਂ ਦੀ ਪੈਰਵੀ ਕਰਦਾ ਸੀ। ਨਾਮਧਾਰੀ ਲਹਿਰ ਮੇਰਾ ਪ੍ਰੇਰਨਾ ਸਰੋਤ. ਰਹੀ ਹੈ ਤੇ ਰਹੇਗੀ।

## ਸ. ਗੁਰਬਖ਼ਸ਼ ਸਿੰਘ ਬੰਨੋਆਣਾ ਨਮਿਤ ਸ਼ਰਧਾਂਜਲੀ ਸਮਾਗਮ

ਜਲੰਧਰ, ੧੨ ਅਪ੍ਰੈਲ (ਪ੍ਰਿਤਪਾਲ ਸਿੰਘ) ਉੱਘੇ ਪੱਤਰਕਾਰ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਜ਼ਿੰਦਗੀ ਭਰ ਸੰਘਰਸ਼ਸ਼ੀਲ ਰਹੇ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਜੋ ੪ ਅਪ੍ਰੈਲ ਨੂੰ ਨਕੋਦਰ ਵਿਚ ਆਪਣੇ ਸਪੁੱਤਰ ਡਾਕਟਰ ਨਵਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਅਕਾਲ ਚਲਾਣਾ ਕਰ ਗਏ ਸਨ, ਨਮਿਤ ਅੱਜ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਸ਼ਰਧਾਂਜਲੀ ਸਮਾਗਮ ਹੋਇਆ। ਇਸ ਦਾ ਪ੍ਰਬੰਧ ਦੇਸ਼ ਭਗਤ ਯਾਦਗਾਰ ਕਮੇਟੀ ਤੇ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਕੀਤਾ ਗਿਆ। ਇਸ ਵਿਚ ਰਾਜਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ ਤੇ ਹੋਰ ਬੁੱਧੀਜੀਵੀਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲਣ ਅਤੇ ਉਨ੍ਹਾਂ ਦੇ ਆਰੰਭੇ ਕਾਰਜਾਂ ਨੂੰ ਪੂਰਾ ਕਰਨ ਦਾ ਸੰਕਲਪ ਲਿਆ। ਬੁਲਾਰਿਆਂ ਨੇ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਰੋਸ਼ਨੀ ਪਾਈ। ਉਨ੍ਹਾਂ ਨੂੰ ਜਿਥੇ ਖੁਦਦਾਰ ਤੇ ਕਰਾਂਤੀਕਾਰੀ ਵਿਚਾਰਾਂ ਵਾਲਾ ਦੱਸਿਆ ਉਥੇ ਉਨ੍ਹਾਂ ਨੂੰ ਵਧੀਆ ਸੋਚ ਵਾਲਾ ਸਮਾਜ ਸੁਧਾਰਕ ਵੀ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਅਨੇਕਾਂ ਪੱਤਰਕਾਰ ਉਨ੍ਹਾਂ ਕੋਲੋਂ ਪੱਤਰਕਾਰੀ ਸਿੱਖ ਕੇ ਅਖਬਾਰਾਂ ਤੇ ਹੋਰ ਥਾਈਂ ਜੀਵਨ ਦੀਆਂ ਖੁਸ਼ੀਆਂ ਅਤੇ ਸਮਾਜ ਵਿਚ ਮਾਣ ਤੇ ਸਤਿਕਾਰ ਪ੍ਰਾਪਤ ਕਰੀ ਬੈਠੇ ਹਨ। ਉਨ੍ਹਾਂ ਹੋਰ ਕਿਹਾ ਕਿ ਉਹ ਮੁਹੱਬਤ ਦੀ ਮੂਰਤ ਸਨ। ਬਾਬਾ ਜਵਾਲਾ ਸਿੰਘ ਹਾਲ ਵਿਖੇ ਹੋਏ ਸਮਾਗਮ ਵਿਚ ਪ੍ਰੋ. ਵਰਿਆਮ ਸਿੰਘ ਸੰਧੂ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਇਸ ਮੌਕੇ ਕਾਮਰੇਡ ਨੌਨਿਹਾਲ ਸਿੰਘ, ਕਾਮਰੇਡ ਜਗਜੀਤ ਸਿੰਘ ਆਨੰਦ, ਕਾਮਰੇਡ ਜਗਜੀਤ ਸਿੰਘ ਲਾਇਲਪੁਰੀ, ਸ. ਸੁਰਜੀਤ ਸਿੰਘ ਮਿਨਹਾਸ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ, ਪ੍ਰੋ. ਪਿਆਰਾ ਸਿੰਘ ਭੋਗਲ, ਡਾ. ਬਰਜਿੰਦਰ ਸਿੰਘ ਹਮਦਰਦ ਮੁੱਖ ਸੰਪਾਦਕ 'ਅਜੀਤ ਪ੍ਰਕਾਸ਼ਨ ਸਮੂਹ', ਕਾਮਰੇਡ ਮੰਗਤ ਰਾਮ ਪਾਸਲਾ, ਐਸ. ਪੀ. ਸਿੰਘ ਸਾਬਕਾ ਉਪ-ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਜੋਗਿੰਦਰ ਦਿਆਲ ਅਤੇ ਜਥੇਦਾਰ ਪ੍ਰਤਾਪ ਸਿੰਘ ਐਡਵੋਕੇਟ ਨੇ ਉਨ੍ਹਾਂ ਦੇ ਦ੍ਰਿੜ ਇਰਾਦੇ ਅਤੇ ਵਿਚਾਰਧਾਰਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਸੰਘਰਸ਼ਸ਼ੀਲ ਸੀ। ਸ਼ਰਧਾਂਜਲੀ ਸਮਾਗਮ ਵਿਚ ਕਾਮਰੇਡ ਅਮੋਲਕ ਸਿੰਘ, ਗੁਰਮੀਤ ਸਿੰਘ, ਜਗੀਰ ਸਿੰਘ ਜਗਤਾਰ, ਅੰਮ੍ਰਿਤ ਲਾਲ, ਪ੍ਰਿੰ. ਵੀ. ਕੇ. ਤਿਵਾੜੀ, ਸ੍ਰੀ ਕ੍ਰਿਸ਼ਨ ਲਾਲਾ ਢੱਲ, ਸ੍ਰੀ ਮਨੋਹਰ ਲਾਲ, ਕਾਮਰੇਡ ਸਾਧੂ ਰਾਮ, ਸ. ਜੋਗਿੰਦਰ ਸਿੰਘ ਗਰੇਵਾਲ ਕੈਨੇਡਾ, ਸਤਨਾਮ ਸਿੰਘ ਚਾਨਾ, ਪ੍ਰੋ. ਗੁਰਭਜਨ ਗਿੱਲ, ਬਲਬੀਰ ਸਿੰਘ ਜੰਡੂ ਅਤੇ ਬਾਬਾ ਜੀ ਦੀ ਧਰਮ ਪਤਨੀ ਬੀਬੀ ਹਰਬੀਰ ਕੌਰ ਨੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਮਾਣਕ, ਸ. ਗੁਰਦੀਪ ਸਿੰਘ ਪਾਪੀ ਪੱਤਰਕਾਰ ਨਕੋਦਰ, ਡਾ. ਨਰਿੰਦਰ ਸਿੰਘ ਥਵੇਜਾ, ਚਮਨ ਲਾਲ ਲੱਕੀ, ਪ੍ਰੋ. ਮਨਜੀਤ ਸਿੰਘ, ਸ੍ਰੀਮਤੀ ਸਰਿਤਾ ਤਿਵਾੜੀ, ਸ. ਤੇਗਾ ਸਿੰਘ ਬੱਲ, ਉਲਫਤ ਬਾਜਵਾ, ਪ੍ਰੋ. ਗੁਰਲਾਲ ਸਿੰਘ, ਬਲਦੇਵ ਸਿੰਘ ਬਾਜਵਾ ਨਿਰਮਲ ਸਿੰਘ ਪੋਪਲੀ, ਸ਼ੰਕਰ ਸਿੰਘ ਜੌਹਲ, ਬਲਬੀਰ ਸਿੰਘ ਘਈ, ਗੁਰਚਰਨ ਸਿੰਘ ਗੁਲਾਟੀ ਅਤੇ ਮਨਜੀਤ ਸਿੰਘ ਠੁਕਰਾਲ ਵੀ ਮੌਜੂਦ ਸਨ। ਚੰਡੀਗੜ੍ਹ ਪ੍ਰੈੱਸ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਜੰਮੂ ਦੇ ਨਾਲ ਹੋਰ ਬਹੁਤ ਸਾਰੇ ਪੱਤਰਕਾਰ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਿਲ ਹੋਣ ਲਈ ਆਏ। ਅੰਤ ਵਿਚ ਸ. ਜਗਦੀਸ਼ ਸਿੰਘ ਵਰਿਆਮ ਪ੍ਰਧਾਨ ਪੰਜਾਬੀ ਲੇਖਕ ਸਭਾ ਜਲੰਧਰ ਨੇ ਸਭਨਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਮੁਖ ਪਰਬੰਧਕ ਕਾਮਰੇਡ ਗੁਰਮੀਤ ਨੇ ਸਭ ਨੂੰ ਲੰਗਰ ਛਕਣ ਦਾ ਸੱਦਾ ਦਿੱਤਾ। ਇਸ ਸਮੇਂ ਬੰਨੋਆਣਾ ਦੀ ਯਾਦ ਵਿਚ ਡਾ. ਵਰਿਆਮ ਸਿੰਘ ਸੰਧੂ ਦੁਆਰਾ ਸੰਪਾਦਤ ਸ਼ਰਧਾਂਜਲੀ ਯਾਦ ਪੱਤਰ ਵੀ ਜਾਰੀ ਕੀਤਾ ਗਿਆ ਜਿਸ ਵਿਚ ਉਹਨਾਂ ਦੇ ਬਾਰੇ ਮਿਤਰਾਂ ਦੀਆਂ ਯਾਦਾਂ ਛਪੀਆਂ ਹਨ।

## ਪਿੰਡ ਭੱਟੀਆਂ ਜੱਟਾਂ (ਮੁਕੇਰੀਆਂ) ਵਿਚ ਭਾਰੀ ਮੇਲਾ

ਸ. ਰਣਜੀਤ ਸਿੰਘ ਬਾਜਵਾ-ਸ. ਗੁਰਪ੍ਰਕਾਸ਼ ਸਿੰਘ ਬਾਜਵਾ ਕੈਨੇਡਾ ਨਿਵਾਸੀ ਨੇ ਆਪਣੇ ਪਿੰਡ ਭੱਟੀਆਂ ਜਟਾਂ ਨੇੜੇ ਮੁਕੇਰੀਆਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਲਾ ੮-੯ ਮਾਰਚ ੨੦੦੮ ਸਨਿਚਰਵਾਰ-ਐਤਵਾਰ ਨੂੰ ਕੀਤਾ। ਇਸ ਮੇਲੇ ਦੀ ਵਿਸ਼ੇਸ਼ਤਾ ਇਹ ਸੀ ਕਿ ਬਹੁਤ ਲੰਬੇ ਚਿਰ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਖੁਦ ਦੇਹ ਕਰ ਕੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸਿੱਖਾਂ ਸੇਵਕਾਂ ਸਹਿਤ ਇਸ ਪਿੰਡ ਵਿਚ ਪਧਾਰੇ।

ਮੇਲਾ ਤੇ ਮਿੱਥੇ ਪ੍ਰੋਗਰਾਮ ਅਨੁਸਾਰ ੮ ਮਾਰਚ ਨੂੰ ਹੀ ਆਰੰਭ



Namdhari Elibrary NamdhariElibrary@gmail.com

ਹੋ ਚੁੱਕਾ ਸੀ। ਜਥੇਦਾਰ ਗੁਰਦੀਪ ਸਿੰਘ ਜੀ ਜ. ਗੁਰਬਚਨ ਸਿੰਘ ਵੀਰੋਕੇ ਅਤੇ ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ ਹੋਰਾਂ ਹੱਲੇ ਦੇ ਦੀਵਾਨ ਸਜਾਏ ਅਤੇ ਪਿਛਲੇਰੇ ਮੇਲਿਆਂ ਸਮਾਗਮਾਂ ਸਮੇਂ ਰਿਕਾਰਡ ਕੀਤੇ ਵੀ.ਡੀ.ੳ ਦ੍ਰਿਸ਼ਾਂ ਦੇ ਦਰਸ਼ਨ ਕਰਵਾਏ ਗਏ। ਸਵਰਗੀ ਸੰਤ ਅਮਰ ਸਿੰਘ ਬਾਜਵਾ ਕੈਨੇਡਾ ਵਾਲੇ ਇਸ ਪਰਿਵਾਰ ਦੇ ਬਜ਼ੁਰਗ ਸਨ ਜੋ ਬਹੁਤ ਨਿਮਰ ਮਿਲਣਸਾਰ ਅਤੇ ਗੁਰੂ ਕੇ ਸਿੱਖਾਂ ਨੂੰ ਬਹੁਤ ਮੁਹੱਬਤ ਕਰਦੇ ਸਨ। ਮੇਲਾ ਉਹਨਾਂ ਦੀ ਯਾਦ ਵਿਚ ਵੀ ਹੋਣ ਕਰ ਕੇ ਦੂਰ-ਦੁਰਾਡੇ ਇਲਾਕਿਆਂ ਤੋਂ ਭਾਰੀ ਸੰਗਤਾਂ ਅਤੇ ਰਿਸ਼ਤੇਦਾਰ ਪੁੱਜੇ ਸਨ ਅਤੇ ਆਲੇ ਦੁਆਲੇ ਦਾ ਕੁਲ ਇਲਾਕਾ ਇਕੱਠਾ ਹੋਇਆ ਸੀ।

ਅਸੀਂ ਸਤਿਗੁਰੂ ਜੀ ਦੇ ਕਾਫਲੇ ਨਾਲ ਐਤਵਾਰ ੯ ਮਾਰਚ ੨੦੦੮ ਨੂੰ ਸਵੇਰੇ ਜਲੰਧਰ ਤੋਂ ਸ਼ਾਮਲ ਹੋਏ। ਸਾਡੀ ਕਾਰ ਨੂੰ ਕਲਾਕਾਰ ਜਤਿੰਦਰਪਾਲ ਸਿੰਘ ਚਿੰਕਾ ਚਲਾ ਰਹੇ ਸਨ। ਸਤਿਗੁਰੂ ਜੀ ਦੇ ਕਾਰਾਂ ਦੇ ਕਾਫਲੇ ਨੂੰ ਸਕਿਓਰਟੀ ਗਾਰਡ ਜਤਨ ਕਰ ਕੇ ਪਹਿਲ ਦੇ ਆਧਾਰ ਤੇ ਟਰੈਫਿਕ ਵਿਚੋਂ ਲੰਘਾ ਰਹੇ ਸਨ ਪਰ ਥਾਂ ਪਰ ਥਾਂ ਸੜਕਾਂ ਤੇ ਨਾਮਧਾਰੀ ਸੰਗਤਾਂ ਦਰਸ਼ਨਾਂ ਹਿੱਤ ਇਕੱਤਰ ਵੀ ਹੋਈਆਂ ਸਨ। ਜਲੰਧਰ ਦੀਆਂ ਸੰਗਤਾਂ ਵੀ ਤੜਕੇ ਸਵੇਰੇ ਪਠਾਨਕੋਟ ਬਾਈ ਪਾਸ ਤੇ ਖੜੀਆਂ ਸਨ। ਦਸੂਹਾ ਸ਼ਹਿਰ ਵਿਚ ਵੀ ਸੰਗਤਾਂ ਦੇ ਭਾਰੀ ਇਕੱਠ ਸਨ ਅਤੇ ਵਿਸ਼ੇਸ਼ ਕਰਕੇ ਸੋਧ ਕੇ ਘੋਏ ਵਾਲੇ ਸਵਾਦਿਸ਼ਟ ਪੇੜੇ ਵੀ ਡੱਬਿਆਂ ਵਿਚ ਬੰਦ ਕਰਕੇ ਸਾਧ ਸੰਗਤ ਲਿਆਈ। ਜੋ ਹੌਲੀ ਹੌਲੀ ਚਲਾਈ ਜਾ ਰਹੀਆਂ ਗੱਡੀਆਂ ਵਿਚ ਦਿੱਤੇ ਗਏ। ਅਸੀਂ ਵੇਖਿਆ-ਚੱਖਿਆ ਕਿ ਪੇੜਿਆਂ ਦਾ ਸੁਆਦ ਦਸਣੋਂ ਬਾਹਰ ਸੀ।

ਮੁਕੇਰੀਆਂ ਤੋਂ ਪਹਿਲਾਂ ਖੱਬੇ ਹੱਥ ਪਿੰਡ ਖਾਨਪੁਰ ਕੋਲ ਰੇਲਵੇ ਫਾਟਕ ਤੇ ਬਹੁਤ ਸੰਗਤਾਂ ਦਾ ਜਮਾਵੜਾ ਸੀ। ਝੰਡੀਆਂ ਸੁਆਗਤੀ ਗੇਟਾਂ ਅਤੇ ਬੋਰਡਾਂ ਨਾਲ ਸੁਆਗਤ ਕੀਤਾ ਗਿਆ ਅਤੇ ਇਕ ਲੰਬੇ ਕਾਫਲੇ ਨਾਲ ਜਲੂਸ ਦੀ ਸ਼ਕਲ ਵਿਚ ਪਿੰਡ ਨੂੰ ਲਿਜਾਇਆ ਗਿਆ। ਅੱਗੇ ਅੱਗੇ ਸੈਂਕੜੇ ਨੌਜਵਾਨ ਮੋਟਰ ਸਾਈਕਲ ਅਤੇ ਸਕੂਟਰਾਂ ਤੇ ਸੁਆਗਤੀ ਝੰਡਿਆਂ ਨਾਲ ਚਲ ਰਹੇ ਸਨ। ਹਰੇ ਭਰੇ ਖੇਤਾਂ ਵਿਚ ਦੀ ਇਹ ਲੰਬਾ ਚਿੱਟਾ ਗੁਰਸਿੱਖਾਂ ਦਾ ਦਰਿਆ ਵਗਦਾ ਜਾ ਰਿਹਾ ਸੀ। ਜਿਸ ਵਿਚ ਸੁਆਗਤੀ ਗੱਡੀਆਂ ਅਤੇ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ਼ਾਮਲ ਸੀ। ਰਸਤੇ ਦਿਆਂ ਪਿੰਡਾਂ ਦੇ ਲੋਗ ਆਲੇ ਦੁਆਲੇ ਅਤੇ ਕੋਠਿਆਂ ਤੇ ਖਲੋ ਕੇ ਨਜ਼ਾਰਾ ਮਾਣਦੇ, ਸਤਿਗੁਰ ਜੀ ਦੇ ਦਰਸ਼ਨ ਕਰ ਕੇ ਧੰਨ ਹੋ ਰਹੇ ਸਨ।

ਸਤਿਗੁਰੂ ਜੀ ਤਾਂ ਬਾਜਵਾ ਪਰਿਵਾਰ ਦੇ ਨਿਵਾਸ ਅਸਥਾਨ ਤੇ ਚਲੇ ਗਏ ਅਤੇ ਬਾਹਰ ਸਕੂਲ ਦੇ ਵੱਡੇ ਮੈਦਾਨ ਵਿਚ ਬਹੁਤ ਖੁੱਲੇ ਪੰਡਾਲ ਵਿਚ ਕੀਰਤਨ ਆਰੰਭ ਸੀ। ਅਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜੱਥੇ ਰਾਗੀ ਬਲਵੰਤ ਸਿੰਘ, ਗੁਰਪ੍ਰੀਤ ਸਿੰਘ, ਸਰਮੁਖ ਸਿੰਘ, ਸ਼ਾਮ ਸਿੰਘ ਇਤਿਆਦਕ ਦੇ ਜੱਥੇ ਨੇ ਕੀਤਾ ਸੀ ਅਤੇ ਹੁਣ ਹੱਲੇ ਦੇ ਦੀਵਾਨ ਸਿਲਸਿਲੇਵਾਰ ਆਰੰਭ ਹੋ ਚੁੱਕੇ ਸਨ।

ਸਰਬ ਸਤਿਕਾਰਤ ਜੱਥੇਦਾਰ ਸਾਹਿਬਾਨ, ਜੁਗਿੰਦਰ ਸਿੰਘ ਦਸੂਹਾ, ਦਲਬੀਰ ਸਿੰਘ ਡੁੱਗਰ, ਬਲਵਿੰਦਰ ਸਿੰਘ ਚੱਕ ਯਾਕੂਬ, ਸੁਰਜੀਤ ਸਿੰਘ ਮੁਸਤਫਾਪੁਰ, ਹਰਭਜਨ ਸਿੰਘ ਬਿਜਲੀਵਾਲ, ਕੁਲਦੀਪ ਸਿੰਘ ਮੁਨਣ ਕਲਾਂ (ਸੰਤ ਭਗਤ ਸਿੰਘ ਦਾਤੇਵਾਲ ਦੇ ਪੋਤਰੇ) ਕਾਕਾ ਪਾਲਾ ਸਿੰਘ ਸਪੁੱਤਰ ਸੰਤ ਪ੍ਰਭਜੀਤ ਸਿੰਘ, ਰਾਣੀ ਪਿੰਡ ਸੁਦਾਗਰ ਸਿੰਘ ਕੌਲਪੁਰ, ਇਹ ਸਾਰੇ ਜਥੇਦਾਰ, ਜਥੇਦਾਰ ਸੁਦਰਸ਼ਨ ਸਿੰਘ ਅਮਰਾਸਰ ਦੇ ਸਟੇਜ ਪ੍ਰਬੰਧ ਅਤੇ ਵਿਉਂਤ ਅਨੁਸਾਰ ਕੀਰਤਨ ਕਰਦੇ ਰਹੇ ਅਤੇ ਹੁਣ ਇਹ ਮੰਚ ਸੰਚਾਲਣ ਦੀ ਸੇਵਾ ਜਗਦੀਸ਼ ਸਿੰਘ ਵਰਿਆਮ ਨੂੰ ਸੌਂਪੀ ਗਈ। ਜ. ਸੁਦਰਸ਼ਨ ਸਿੰਘ ਨੇ ਹੁਣ ਹੱਲੇ ਦਾ ਦੀਵਾਨ ਲਾਇਆ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਸੰਗਤਾਂ ਵਹੀਰਾਂ ਘੱਤ ਕੇ ਸਤਿਗੁਰਾਂ ਦੇ ਦਰਸ਼ਨਾਂ ਨੂੰ ਪੁੱਜ ਰਹੀਆਂ ਸਨ। ਜਥੇਦਾਰ ਗੁਰਬਚਨ ਸਿੰਘ ਸਪੁੱਤਰ ਸਵ. ਜਥੇਦਾਰ ਗਿਆਨ ਸਿੰਘ ਵੀਰੋਕੇ ਦੇ ਦੀਵਾਨ ਬਾਦ ਸੰਤ ਗੁਰਮੁਖ ਸਿੰਘ (ਅਨੇਜਾ) 'ਰਤਨ' ਦਿੱਲੀ ਵਾਲਿਆਂ ਇਕ ਵਲਵਲੇ ਭਰਪੂਰ ਕਵਿਤਾ ਸੁਣਾਈ ਅਤੇ ਨਾਲ ਹੀ ਸ. ਸਾਧੂ ਸਿੰਘ ਕਿਸਾਨ ਹੋਰਾਂ ਕਵਿਤਾ ਰਾਹੀਂ ਵਿਚਾਰ ਪੇਸ਼ ਕੀਤੇ। ਹਜ਼ੂਰੀ ਜਥੇਦਾਰ ਗੁਰਦੀਪ ਸਿੰਘ ਹੋਰਾਂ ਭਰਪੂਰ ਹੱਲੇ ਦਾ ਦੀਵਾਨ ਸਜਾਇਆ। ਕਰਮ ਸਿੰਘ ਲਾਡੀ ਦੀ ਟਕਸਾਲੀ ਨਾਮਧਾਰੀ ਢੋਲਕ ਵਾਦਨ ਦੀਆਂ ਗੂੰਜਾਂ ਪੈ ਰਹੀਆਂ ਸਨ, ਜਥੇਦਾਰ ਗੁਰਦੀਪ ਸਿੰਘ ਦੇ ਮਨਮੋਹਕ ਦੀਵਾਨ ਦੇ ਨਾਲ ਹੀ ਬਲਵੰਤ ਸਿੰਘ ਦਸੂਹਾ ਨੇ ਇਕ ਗੀਤ ਪੇਸ਼ ਕੀਤਾ। ਸਤਿਗੁਰੂ ਜੀ ਦੀ ਆਮਦ ਦਾ ਸਮਾਂ ਹੋ ਗਿਆ ਅਤੇ ਇਧਰੋਂ ਮਸ਼ਹੂਰ ਕਵੀਸ਼ਰੀ ਜੱਥਾ ਸੰਤ ਸੰਤੋਖ ਸਿੰਘ ਸਾਜਨ ਦੀ ਅਗਵਾਈ ਵਿਚ ਦੀਵਾਨ ਆਰੰਭਿਆ। ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਸੰਗਤਾਂ ਵਿਚ ਨਵਾਂ ਉਤਸਾਹ ਆ ਗਿਆ ਅਤੇ ਸੰਗਤਾਂ ਧੰਨ ਧੰਨ ਹੋ ਰਹੀਆਂ ਸਨ। ਸ. ਸੰਤੋਖ ਸਿੰਘ ਹੋਰਾਂ ਵਿਦਵਤਾ ਭਰਪੂਰ ਕਾਵਿ-ਸੰਗੀਤ, ਇਤਿਹਾਸ ਵਿਚ ਪਰੁਚਿਆ ਆਪਣਾ ਵਧੀਆ ਵਿਆਖਿਆਨ ਜਾਰੀ ਰੱਖਿਆ ਅਤੇ ਪੇਸ਼ਕਾਰੀ ਪਰਬੀਨ ਹੁਨਰ ਨਾਲ ਕੀਤੀ। ਛੋਟੀ ਬੱਚੀ ਬੀਬੀ ਗੁਰਨਾਮ ਕੌਰ ਪੋਤਰੀ ਸੰਤ ਰਣਜੀਤ ਸਿੰਘ ਬਾਜਵਾ ਨੇ ਇਕ ਸ਼ਬਦ ਦਾ ਗਾਇਣ ਕੀਤਾ। ਬੀਬੀ ਰਮਿੰਦ ਕੌਰ ਵਿਰਦੀ ਦੀ ਸ਼ਾਗਿਰਦ ਛੋਟੀ ਕਲਾਕਾਰ ਗੁਰਨਾਮ ਕੌਰ ਦੇ ਸ਼ਬਦ ਗਾਇਣ ਤੋਂ ਪ੍ਰਤੱਖ ਸੀ ਕਿ ਬਾਕਾਇਦਾ ਸੰਗੀਤ ਅਭਿਆਸ ਜਾਰੀ ਹੈ। ਹੁਣ ਹਜ਼ੂਰੀ ਰਾਗੀਆਂ ਦਾ ਦੁਰਲਭ ਅਤੇ ਅਲੌਕਿਕ ਕੀਰਤਨ ਆਰੰਭ ਹੋਇਆ। ਸੰਤ ਬਲਵੰਤ ਸਿੰਘ ਸਰਮੁਖ ਸਿੰਘ ਦੇ ਸੁਨਹਿਰੀ ਕੰਠ ਚੋਂ ਨਿਕਲਦੇ ਸ਼ਬਦ ਅਤੇ ਦਿਲਰੁਬਾ ਸਾਜ਼ ਦੀਆਂ ਤਾਰਾਂ ਤੇ ਫਿਰਦੇ ਪੋਟਿਆਂ ਚੋਂ ਨਿਕਲਦੀਆਂ ਭਰਪੂਰ ਸੰਗੀਤ ਦੀਆਂ ਧੁੰਨਾਂ ਅਤੇ ਗੁਰਪ੍ਰੀਤ ਸਿੰਘ ਦੇ ਸਿਧ ਹਸਤ ਤਬਲਾ ਵਾਦਨ ਦੀਆਂ ਥਾਪਾਂ ਤੇ ਟੁਣਕਾਰਾਂ



Namdhari Elibrary NamdhariElibrary@gmail.com

ਅਤੇ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨਾਂ ਨੇ ਇਕ ਅਜਿਹਾ ਸਤਿਜੁਗੀ ਮਾਹੌਲ ਸਿਰਜਿਆ ਕਿ ਸਮਾਂ ਆਪਣੀ ਗੱਤੀ ਭੁਲ ਗਿਆ। ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਜਲੰਧਰ, ਹੁਸ਼ਿਆਰਪੁਰ, ਫਗਵਾੜਾ, ਕਪੂਰਥਲਾ ਤੋਂ ਇਲਾਵਾ ਸ੍ਰੀ ਜੀਵਨ ਨਗਰ ਸਰਸਾ ਇਲਾਕੇ ਦੀਆਂ ਸੰਗਤਾਂ ਹੁਮ ਹੁਮਾ ਕੇ ਪੁੱਜੀਆਂ ਸਨ। ਉੱਚ ਧਾਰਮਕ ਹਸਤੀ ਸੁਸ਼ਿਰੀ ਦੇਵਾ ਜੀ ਮਹਾਰਾਜ ਮੁਕੇਰੀਆਂ ਵਾਲੇ, ਅਰਨੇਸ਼ ਸ਼ਾਕਰ ਮੰਤਰੀ ਅਤੇ ਹੋਰ ਅਣਗਿਣਤ ਰਾਜਸੀ ਧਾਰਮਕ ਆਗੂ, ਦੂਰਦਰਸ਼ਨ ਦੀ ਟੀਮ ਅਤੇ ਅਖਬਾਰੀ ਨੁਮਾਇੰਦੇ ਪੁੱਜੇ ਹੋਏ ਸਨ, ਅੰਤ ਤੇ ਪੰਜ ਪਾਠਾਂ ਦੇ ਭੋਗ ਪਾਏ ਗਏ। ਪਿੰਡ ਦੇ ਸਰਪੰਚ ਸ. ਸੁਰਜੀਤ ਸਿੰਘ ਨੇ ਬਹੁਤ ਭਾਵ ਪੂਰਤ ਸ਼ਬਦਾਂ ਨਾਲ ਸ੍ਰੀ ਸਤਿਗੁਰੂ ਜੀ ਦਾ ਪਿੰਡ ਵਿਚ ਪਧਾਰਨ ਤੇ ਧੰਨਵਾਦ ਕੀਤਾ ਅਤੇ ਸਾਧ ਸੰਗਤ ਪ੍ਰਤੀ ਵੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ। ਦੋਹਾਂ ਦਿਨ ਅਤੁੱਟ ਗੁਰੂ ਕਾ ਲੰਗਰ ਚਲਦਾ ਰਿਹਾ ਜਿਸ ਵਿਚ ਜਲੇਬੀਆਂ, ਖੀਰ, ਕੜਾਹ ਪ੍ਰਸ਼ਾਦ, ਪਰਸ਼ਾਦੇ, ਦਾਲਾਂ, ਭਾਜਾਂ ਖੁਲਾ ਵਰਤਦਾ ਰਿਹਾ।

ਮੇਲੇ ਵਿੱਚ ਸੂਬਾ ਬਲਵਿੰਦਰ ਸਿੰਘ ਝੱਲ, ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ, ਸੂਬਾ ਸੁਖਵਿੰਦਰ ਸਿੰਘ ਲਿਟਾਂ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਕਰਤਾਰ ਸਿੰਘ ਹੇਠੀਆਂ, ਸ. ਹਰਜੀਤ ਸਿੰਘ ਮੁਠੱਡਾ ਜਨਰਲ ਸਕੱਤਰ ਨਾਮਧਾਰੀ ਵਿਦਿਅਕ ਜੱਥਾ, ਸੁਖਵਿੰਦਰ ਸਿੰਘ ਲਾਇਲ ਸਕੱਤਰ, ਸੰਤ ਜੁਗਿੰਦਰ ਸਿੰਘ ਪ੍ਰਧਾਨ ਲੁਧਿਆਣਾ, ਸੰਤ ਗੁਰਦੀਪ ਸਿੰਘ ਬਾਜਵਾ ਦਸੂਹਾ, ਸੂਬਾ ਜੰਗੀਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਜਲੰਧਰ, ਸਕੱਤਰ ਦੀਪ ਸਿੰਘ ਜਲੰਧਰ ਅਤੇ ਜਥੇਦਾਰ ਸੁਰਿੰਦਰ ਸਿੰਘ ਛਿੰਦਾ ਜਲੰਧਰ ਵੀ ਆਪਣੇ ਸਾਥੀਆਂ ਸਹਿਤ ਪੁੱਜੇ ਹੋਏ ਸਨ।

*—ਜਗਦੀਸ਼ ਸਿੰਘ*

## ਡਾ. ਲਖਵਿੰਦਰ ਜੌਹਲ ਦਾ ਬਾਬਾ ਬੁੱਲ੍ਹੇਸ਼ਾਹ ਪੁਰਸਕਾਰ ਨਾਲ ਸਨਮਾਨ

ਜਲੰਧਰ, ੫ ਅਪ੍ਰੈਲ— ਦੂਰਦਰਸ਼ਨ ਜਲੰਧਰ ਦੇ ਨਿਰਮਾਤਾ ਅਤੇ ਪੰਜਾਬੀ ਦੇ ਵਿਦਵਾਨ ਡਾ. ਲਖਵਿੰਦਰ ਜੌਹਲ ਨੂੰ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ ਡੈਨਮਾਰਕ ਵੱਲੋਂ ਅੱਜ ਬਾਬਾ ਬੁੱਲ੍ਹੇਸ਼ਾਹ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਉੱਘੇ ਸ਼ਾਇਰ ਸੁਰਜੀਤ ਪਾਤਰ, ਗੁਰਭਜਨ ਗਿੱਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵੀ. ਸੀ. ਸ. ਐੱਸ. ਪੀ. ਸਿੰਘ ਅਤੇ ਐਸੋਸੀਏਸ਼ਨ ਦੇ ਮੁਖੀ ਐੱਸ. ਐੱਸ. ਪਰਵਾਨਾ ਸ਼ਾਮਲ ਸਨ।

ਸਮਾਗਮ ਦੇ ਆਰੰਭ ਵਿਚ ਡਾ ਰਜਨੀਸ਼ ਬਹਾਦਰ ਸਿੰਘ ਅਤੇ ਡਾ ਗੋਪਾਲ ਸਿੰਘ ਬੁੱਟਰ ਨੇ ਡਾ. ਜੌਹਲ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਉਪਰੰਤ ਗਾਇਨ ਦੀ ਮਹਿਫ਼ਲ ਸਜਾਈ ਗਈ ਜਿਸ ਵਿਚ ਦੇਵ ਦਿਲਦਾਰ ਅਤੇ ਚੰਨ ਚਮਕੌਰ ਨੇ ਸੁਰੀਲੀ ਆਵਾਜ਼ ਵਿਚ ਵੱਖ-ਵੱਖ ਸ਼ਾਇਰਾਂ ਦੇ ਸੂਫ਼ੀਆਨਾ ਕਲਾਮ ਪੇਸ਼ ਕੀਤੇ।

ਇਸੇ ਸਨਮਾਨ ਸਮਾਰੋਹ ਵਿਚ ਡੀ. ਏ. ਵੀ. ਕਾਲਜ ਜਲੰਧਰ ਦੇ ਪ੍ਰਿੰਸੀਪਲ ਸ੍ਰੀ ਵੀ. ਕੇ. ਤਿਵਾੜੀ, ਪ੍ਰੋ. ਗੁਰਲਾਲ ਸਿੰਘ, ਜਗਦੀਸ਼ ਸਿੰਘ ਵਰਿਆਮ, ਡਾ. ਸਾਧੂ ਸਿੰਘ ਕੈਨੇਡਾ, ਗੀਤਕਾਰ ਇੰਦਰਜੀਤ ਹਸਨਪੁਰੀ, ਸਰਦਾਰ ਪੰਛੀ, ਗੁਰਇਕਬਾਲ ਸਿੰਘ ਲੁਧਿਆਣਾ, ਸ਼ਤੀਸ਼ ਗੁਲਾਟੀ, ਸੁਰਜੀਤ ਜੱਜ, ਉਲਫ਼ਤ ਬਾਜਵਾ, ਰਜਿੰਦਰ ਪ੍ਰਦੇਸ਼ੀ, ਕੁਲਦੀਪ ਸਿੰਘ ਬੇਦੀ, ਡਾ. ਉਮਿੰਦਰ ਜੌਹਲ, ਸਾਹਿਤ ਪ੍ਰੇਮੀ ਅਤੇ ਲੇਖਕ ਮੌਜੂਦ ਸਨ। ਸਟੇਜ ਦੇ ਸੇਵਾ ਅਮਰਜੀਤ ਕਾਉਂਕੇ ਨੇ ਨਿਭਾਈ।

## ਬਰਮਿੰਘਮ ਵਿਚ ਕੂਕਾ ਲਹਿਰ ਦਾ ੧੫੦ਵਾਂ ਵਰੇਗੰਢ ਸਮਾਗਮ

੪ ਨਵੰਬਰ ੨੦੦੭ ਐਤਵਾਰ ਨੂੰ ਬਰਮਿੰਘਮ ਵਿਖੇ ਨਾਮਧਾਰੀ ਸਿੱਖ ਸੰਗਤ ਨੇ ਨਾਮਧਾਰੀ ਪੰਥ ਕੂਕਾ ਲਹਿਰ ਦੀ ੧੫੦ਵੀਂ ਵਰ੍ਹੇ ਗੰਢ ਮਨਾਈ। ਇਸ ਮੌਕੇ ਤੇ ਇਹਨਾਂ ਸਖ਼ਸੀਅਤਾਂ ਦਾ ਅਧਿਕਾਰਤ ਤੌਰ ਤੇ ਸਵਾਗਤ ਕੀਤਾ ਗਿਆ। ਕੌਂਸਲਰ ਲਾਰਡ ਕਿੰਗ ਆਫ ਵੈਸਟ ਬਰੋਮਵਿਚ, ਜੌਹਨ ਹੈਮਿੰਗਸ ਐਮ. ਪੀ. ਆਫ ਬਰਮਿੰਘਮ, ਕੌਂਸਲਰ ਗੁਰਚਰਨ ਸਿੰਘ ਸਿੱਧੂ— ਲਾਰਡ ਮੇਅਰ ਆਫ ਸੈਂਡਵੇਲ ਵੈਸਟ ਬਰੋਮਵਿਚ, ਸਰਦਾਰ ਜਸਪਾਲ ਸਿੰਘ ਬੈਂਸ-ਐਡੀਟਰ 'ਦਾ ਸਿੱਖ ਟਾਈਮਸ' ਬਰਮਿੰਘਮ, ਡਾ. ਜਗਜੀਤ ਸਿੰਘ ਟੱਕ ਐਮ. ਬੀ.ਈ., ਡਿਪਟੀ ਲਾਰਡ ਲਿਊਟਨੈਂਟ ਬਰਮਿੰਘਮ, ਸ੍ਰ. ਗੁਰਦੇਵ ਸਿੰਘ ਚੌਹਾਨ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂ.ਕੇ), ਸ. ਜਸਵਿੰਦਰ ਸਿੰਘ ਹਿਸਟੋਰੀਅਨ ਨਵੀਂ ਦਿੱਲੀ, ਪ੍ਰਧਾਨ ਸ. ਜਰਨੈਲ ਸਿੰਘ ਭੋਗਲ ਅਤੇ ਸ. ਪਿਆਰਾ ਸਿੰਘ ਭੋਗਲ ਜਨਰਲ ਸਕੱਤਰ ਰਾਮਗੜ੍ਹੀਆ ਗੁਰਦੁਆਰਾ ਗ੍ਰਾਹਮ ਸਟ੍ਰੀਟ ਬਰਮਿੰਘਮ, ਸ. ਕਰਨੈਲ ਸਿੰਘ ਚੀਮਾ (ਪ੍ਰਧਾਨ ਵਰਲਡ ਰਾਮਗੜ੍ਹੀਆਂ ਓਰਗੇਨਾਈਜੇਸ਼ਨ) ਅਤੇ ਸ. ਸਰਦੂਰ ਸਿੰਘ ਮਾਰਵਾਹ (ਸੈਕਟਰੀ ਆਫ ਵਰਲਡ ਰਾਮਗੜ੍ਹੀਆ ਓਰਗੇਨਾਈਜੇਸ਼ਨ ਯੂ.ਕੇ) ਅਤੇ ਸ੍ਰੀਮਤੀ ਪੂਨਮ ਐਡੀਟਰ 'ਪ੍ਰੀਤ ਲੜੀ' ਡਾ. ਡੇਵਿਟ ਅਰਲੇ-ਭਾਰਤ ਰਤਨ ਅਤੇ ਸੈਕਟਰੀ ਇੰਟਰ ਰੀਲੀਜੀਅਸ ਅਤੇ ਇੰਟਰਨੈਸ਼ਨਲ ਫੈਡਰੇਸ਼ਨ ਫਾਰ ਵਰਲਡ ਪੀਸ ਯੂ.ਕੇ, ਸੰਤ ਵਾਸਦੇਵ ਸਿੰਘ ਭੰਮਰਾ ਪੇਟਰਨ ਆਫ ਵੁਲਵਰਹੈਂਪਟਨ ਇੰਟਰ-ਫੇਥ ਕੌਂਸਲ ਅਤੇ ਸ. ਹਰਮਿੰਦਰ ਸਿੰਘ ਉਪਾਸ਼ਕ ਆਫ ਸੰਤ ਨਿਰੰਕਾਰੀ ਮੰਡਲ ਬਰਮਿੰਘਮ।

ਸਾਰੇ ਪ੍ਰਤਿਸ਼ਠਿਤ ਮਹਿਮਾਨਾਂ ਨੂੰ ੧੦੮ ਮਣਕਿਆਂ ਦੀ ਸਫੇਦ ਮਾਲਾ ਨਾਲ ਸਨਮਾਇਆ ਗਿਆ ਇਸ ਤੋਂ ਇਲਾਵਾ ੧੫੦ ਵੀਂ ਵਰ੍ਹੇਗੰਢ ਦਾ ਰਸਾਲਾ ਅਤੇ ਰਸਮੀ ਤਸ਼ਤਰੀਆਂ ਵੀ



Namdhari Elibrary NamdhariElibrary@gmail.com

ਭੇਟ ਕੀਤੀਆਂ ਗਈਆਂ। ਇਸ ਤੋਂ ਛੁਟ ਕਈ ਸਥਾਨਕ ਬਰਤਾਨੀਆ ਦੀਆਂ ਸੰਸਥਾਵਾਂ ਦੇ ਪ੍ਰਤੀਨਿੱਧੀ ਵੀ ਸਾਧ ਸੰਗਤ ਦਾ ਹਿੱਸਾ ਬਣੇ। ਉਹਨਾਂ ਸਾਰਿਆਂ ਨੇ ਮਾਤਰ-ਭੂਮੀ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਵੱਡਮੁੱਲੀਆਂ ਜ਼ਿੰਦਗੀਆਂ ਕੁਰਬਾਨ ਕਰਨ ਵਾਲੇ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਵਰਣਯੋਗ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਹਾਨੀਅਤ ਅਤੇ ਰਾਜਨੀਤਕ ਅਗਵਾਈ ਹੇਠ ਕੂਕਾ ਲਹਿਰ ਦਾ ਸਵੇਦ ਝੰਡਾ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਦੇ ਪ੍ਰਤੀਕ ਵਜੋਂ ੧੨ ਅਪ੍ਰੈਲ ੧੮੫੭ ਨੂੰ ਲਹਿਰਾਇਆ ਗਿਆਆ ਸੀ।

ਇਹ ਬਰਤਾਨੀਆ ਵਿੱਚ ਭਾਰਤ ਦੀ ੧੫੦ਵੀਂ ਵਰ੍ਹੇਗੰਢ ਦੀ ਵੱਡੀ ਕੂਕਾ ਆਜ਼ਾਦੀ ਲਹਿਰ ਦਾ ਤੀਜਾ ਸਮਾਗਮ ਸੀ। ਵੈਸਟ ਮਿਡਲੈਂਡ ਦੀਆਂ ਇਨ੍ਹਾਂ ਕੁੱਝ ਨਾਮਧਾਰੀ ਮਿਸ਼ਨਰੀਆਂ ਨੂੰ ਬਰਤਾਨੀਆ ਅੰਦਰ ਨਾਮਧਾਰੀ ਪੰਥ ਲਈ ਆਪਣੀਆਂ ਉਘੀਆਂ ਸੇਵਾਵਾਂ ਦੇਣ ਲਈ ਸਨਮਾਨਤ ਕੀਤਾ ਗਿਆ : ਸੰਤ ਹਰਜਿੰਦਰ ਸਿੰਘ ਜੀ ਕੰਵਲ (ਕੁਵੈਂਟਰੀ), ਸ੍ਰ. ਜਸਵਿੰਦਰ ਸਿੰਘ ਜੀ ਕਲਸੀ (ਹਿਸਟੋਰੀਅਨ) ਨਵੀਂ ਦਿੱਲੀ, ਸ੍ਰੀਮਤੀ ਪੂਨਮ (ਅੰਮ੍ਰਿਤਸਰ ਪੰਜਾਬ) ਚੀਫ ਐਡੀਟਰ 'ਪ੍ਰੀਤ ਲੜੀ', ਮਿਸ ਹਰਪ੍ਰੀਤ ਕੌਰ ਨਰੋਤਰਾ, ਪਬਲੀਸਿਟੀ ਸੈਕਟਰੀ ਨਾਮਧਾਰੀ ਸਿੱਖ ਸੰਗਤ ਬਰਮਿੰਘਮ ਸਹਿਤ, ਸੰਤ ਵਾਸਦੇਵ ਸਿੰਘ ਭੰਮਰਾ (ਵੁਲਵਰਹੈਂਪਟਨ) ਰਿਨਾਉਂਡ ਨਾਮਧਾਰੀ ਸਕਾਲਰ, ਅੰਬੈਸਡਰ ਫਾਰ ਪੀਸ ਐਂਡ ਪੈਟਰਨ ਆਫ ਵੁਲਵਰਹੈਂਪਟਨ ਇੰਟਰਫੇਥ ਕੌਂਸਲ, ਗਿਆਨੀ ਸੰਤ ਸੁਰਜਨ ਸਿੰਘ ਜੀ ਝੀਤਾ (ਬਰਮਿੰਘਮ) ਰਿਨਾਉਂਡ ਸਕਾਲਰ ਇਨ ਸਿੱਖ ਹਿਸਟਰੀ, ਸੰਤ ਸੁਰਿੰਦਰ ਸਿੰਘ ਜੀ ਨਰੋਤਰਾ (ਬਰਮਿੰਘਮ) ਰੇਡੀਓ ਪ੍ਰੈਜ਼ੇਂਟਰ ਅਤੇ ਫਾਊਂਡਰ ਐਡੀਟਰ ਆਫ 'ਕੂਕ'।

ਕੁੱਝ ਉਹ ਸਖ਼ਸ਼ੀਅਤਾਂ ਜਿਹੜੀਆਂ ਸਮਾਗਮ 'ਚ ਕਿਸੇ ਕਾਰਨ ਕਰਕੇ ਪਹੁੰਚ ਨਹੀਂ ਸਨ ਸਕੀਆਂ, ਉਹਨਾਂ ਨੂੰ ਵੀ ਸਨਮਾਨਤ ਕੀਤਾ ਗਿਆ। ਉਹ ਸਨ ਨਾਮਧਾਰੀ ਪ੍ਰਚਾਰਕ ਜਥੇਦਾਰ ਸੰਤ ਦਿਆਲ ਸਿੰਘ ਜੀ ਵਿਰਦੀ (ਬਰਮਿੰਘਮ) ਅਤੇ ਸਿੱਖ ਹਿਸਟਰੀ ਦੇ ਸਕਾਲਰ ਗਿਆਨੀ ਸੰਤ ਤੇਜਾ ਸਿੰਘ ਨਿਓਤੇ। ਅਕਾਲ ਪੁਰਖ ਦੇ ਭਾਣੇ ਅਨੁਸਾਰ ਗਿਆਨੀ ਸੰਤ ਤੇਜਾ ਸਿੰਘ ਜੀ ਨਿਓਤੇ ਹੁਣ ਸਾਡੇ ਵਿੱਚ ਨਹੀਂ ਹਨ।

## ਸ਼ਹੀਦੇ-ਆਜ਼ਮ ਅਤੇ ਸਾਥੀਆਂ ਦਾ ੭੭ਵਾਂ ਸ਼ਹੀਦੀ ਦਿਨ

### ਮਹਾਨ ਕੂਕਾ ਅੰਦੋਲਨ ਨੂੰ ਸਮਰਪਿਤ ਰਾਣੀਆਂ (ਸਿਰਸਾ) ਵਿਚ ਗੋਸ਼ਟੀ, ਕਵੀ ਦਰਬਾਰ ਅਤੇ ਨਾਟਕ-ਮੇਲਾ

ਰਾਣੀਆਂ (ਹਰਿਆਣਾ) :- ਹਰ ਸਾਲ ਦੀ ਤਰ੍ਹਾਂ ਇਸ ਵੇਰ ਵੀ ੧੯ ਮਾਰਚ ਨੂੰ ਕੋਆਪ੍ਰੇਟਿਵ ਸੁਸਾਇਟੀ ਰਾਣੀਆਂ ਦੇ ਜੀਵਨ ਨਗਰ ਰੋਡ ਸਥਿਤ ਅਹਾਤੇ ਵਿਚ, ਸਰਬ ਭਾਰਤ ਨੌਜੁਆਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀਆਂ ਸਿਰਸਾ ਜ਼ਿਲ੍ਹਾ ਇਕਾਈਆਂ ਵੱਲੋਂ ੨੩ ਮਾਰਚ ਦੇ ਮਹਾਨ ਸ਼ਹੀਦਾਂ ਰਾਜਗੁਰੂ-ਸੁਖਦੇਵ ਅਤੇ ਭਗਤ ਸਿੰਘ ਦੀ ਯਾਦ ਵਿਚ ਅਠਵਾਂ ਸੱਭਿਆਚਾਰਕ ਮੇਲਾ ਮਨਾਇਆ ਗਿਆ। ਸਭ ਤੋਂ ਪਹਿਲਾਂ ਸੂਬਾ ਵਿਦਿਆਰਥੀਆਂ ਅਤੇ ਅਤੇ ਨੌਜੁਆਨਾਂ ਦੇ ਜ਼ਿਲ੍ਹੇ ਭਰ ਵਿਚੋਂ ਆਏ ਇਕੱਠ ਨੇ ਰਾਣੀਆਂ ਦੇ ਭਗਤ ਸਿੰਘ ਚੌਕ ਵਿਚ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਬੁੱਤ ਤੇ ਫੁੱਲ ਮਾਲਾ ਭੇਟ ਕੀਤੀਆਂ। ਫਿਰ ਦੋਪਹਿਰ ਸਮੇਂ ਇਕ ਸੈਮੀਨਾਰ ਕੀਤਾ ਗਿਆ ਜਿਸ ਵਿਚ ਮੁੱਖ ਵਕਤਾ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਬੋਲਦਿਆਂ ਕਿਹਾ ਕਿ ਕੂਕਾ ਅੰਦੋਲਨ ਦੀ ੧੫੦ਵੀਂ ਵਰ੍ਹੇਗੰਢ ਅਤੇ ਸ਼ਹੀਦੇ ਆਜ਼ਮ ਅਤੇ ਉਸਦੇ ਸਾਥੀ ਸੁਖਦੇਵ ਦੀ ਜਨਮ ਸ਼ਤਾਬਦੀ ਇਕੋ ਸਮੇਂ ਆਈਆਂ ਹਨ। ਇਸ ਲਈ ਇਹਨਾਂ ਘਟਨਾਵਾਂ ਤੇ ਜਦੋਂ ਦ੍ਰਿਸ਼ਟੀਪਾਤ ਕਰੀਏ ਤਾਂ ਭਾਵੇਂ ਇਹ ਇਕ ਦੂਜੇ ਤੋਂ ਅੱਧੀ ਸਦੀ ਦੇ ਫਾਸਲੇ ਤੇ ਖਲੋਤੀਆਂ ਨਜ਼ਰ ਆਉਂਦੀਆਂ ਹਨ-ਪਰ ਇਹ ਅੰਤਰ ਸਬੰਧਿਤ ਹਨ। ਸ਼ਹੀਦੇ-ਆਜ਼ਮ ਦਾ ਪ੍ਰੇਰਣਾ ਸਰੋਤ ਕਰਤਾਰ ਸਿੰਘ ਸਰਾਭਾ ਗ਼ਦਰ ਲਹਿਰ ਦਾ ਹੀਰੋ ਸੀ ਅਤੇ ਗ਼ਦਰ ਲਹਿਰ ਦਾ ਬਾਨੀ ਬਾਬਾ ਸੋਹਣ ਸਿੰਘ ਭਕਨਾ ਸਤਿਗੁਰੂ ਰਾਮ ਸਿੰਘ ਦੇ ਅੰਦੋਲਨ ਤੋਂ ਵਰੋਸਾਇਆ ਸੀ। ਵੈਸੇ ਵੀ ਸ਼ਹੀਦ ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਨਾਮਧਾਰੀ ਸ਼ਹੀਦਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪੈਰੋਕਾਰਾਂ ਦੇ ਮਹਾਨ ਬਲੀਦਾਨ ਦਾ ਉੱਚ ਮੁਲੰਕਣ ਕਰਦਿਆਂ, ਦੇਸ਼ ਵਾਸੀਆਂ ਵੱਲੋਂ ਕੂਕਾ ਸ਼ਹੀਦਾਂ ਜਾਂ ਨਾਇਕਾਂ ਨੂੰ ਭੁੱਲਾ ਦਿੱਤੇ ਜਾਣ ਨੂੰ ਭਾਰੀ ਅਕ੍ਰਿਤਘਣਤਾ ਦੱਸਿਆ ਸੀ। ਵਿਰਕ ਨੇ ਇਸ ਮੌਕੇ ਕੂਕਾ ਅੰਦੋਲਨ ਤੇ ਨਿੱਠ ਕੇ ਚਰਚਾ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦੀ ਵਿਲੱਖਣ ਸ਼ਖਸੀਅਤ, ਉਹਨਾਂ ਦੀ ਸੰਗਠਨ ਯੋਗਤਾ ਅਤੇ ਮੁਰਦਾ ਕੌਮ ਵਿਚ ਮੁੜ ਰੂਹ ਫੂਕਣ ਦੀ ਕਾਰਵਾਈ ਦੀ ਇਤਿਹਾਸਕ ਮਹੱਤਤਾ ਉਜਾਗਰ ਕੀਤਾ। ਕੂਕੇ ਅਤੇ ਭਗਤ ਸਿੰਘ ਅਤੇ ਉਸਦੇ ਸਾਥੀ ਬ੍ਰਿਟਿਸ਼ ਸ਼ਾਸਨ ਦੇ ਕੱਟੜ ਵੈਰੀ ਵੀ ਸਨ ਅਤੇ ਦੋਵੇਂ ਹੀ ਇਹੋ ਜਿਹੀ ਸਮਾਜਿਕ ਆਰਥਕ ਵਿਵਸਥਾ ਦੇ ਹਾਮੀ ਸਨ ਜਿਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਨਾ ਹੋਵੇ ਅਤੇ ਸਭ ਨੂੰ ਉਨਤੀ ਦੇ ਸਮਾਨ ਅਵਸਰ ਮਿਲਣ। ਕੁੱਲ ਹਿੰਦ ਨੌਜੁਆਨ ਸਭਾ ਦੀ ਕੌਮੀ ਇਕਾਈ ਦੇ ਸਕੱਤਰ ਮਹੇਸ਼ ਰਾਠੀ ਨੇ ਵੀ ਇਤਿਹਾਸਕਾਰਾਂ ਵੱਲੋਂ ਮਹਾਨ ਕੂਕਾ ਅੰਦੋਲਨ ਨਾਲ ਨਿਆ ਨਾ ਕਰਨ ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਨੌਜੁਆਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਿਚ ਰੰਗ ਭਰਨ ਲਈ ਸੰਗਠਤ ਹੋਣ ਦਾ ਸੱਦਾ



Namdhari Elibrary NamdhariElibrary@gmail.com

ਦਿੱਤਾ। ਕਿਸਾਨ ਨੇਤਾ ਜਸਵੰਤ ਸਿੰਘ ਜੋਸ਼ ਨੇ ਯੁਵਾ ਪੀੜ੍ਹੀ ਨੂੰ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਡਟਣ ਦਾ ਸੱਦਾ ਦਿੱਤਾ। ਸਭਾ ਨੂੰ ਨੌਜੁਆਨ ਆਗੂ ਰਘੁਬੀਰ ਸਿੰਘ ਨਕੌੜਾ, ਰਵੇਲ ਸਿੰਘ ਰਾਣੀਆਂ, ਜਗਤਦੀਪ ਸੁਚਾਨ, ਪ੍ਰੀਤਪਾਲ ਸਿੱਧੂ, ਬਲਰਾਜ ਸਿੰਘ ਬਣੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਜੈ ਚੰਦ ਸਹਾਰਨੀ, ਲਛਮਣ ਸਿੰਘ ਸ਼ੇਖਾਵਤ, ਮਾਸਟਰ ਅਮਰੀਕ ਸਿੰਘ ਅਤੇ ਸਾਧੂ ਸਿੰਘ ਕਿਸਾਨ ਨੇ ਵੀ ਸੰਬੋਧਿਤ ਕੀਤਾ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਗੁਰਦਿਆਲ ਸਿੰਘ ਪ੍ਰੀਤ, ਲਖਵਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ ਭਿੰਡਰ, ਸੁਵਰਨ ਸਿੰਘ ਚੀਮਾ, ਹਰਿਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ, ਕਰਨੈਲ ਸਿੰਘ ਅਸਪਾਲ, ਰਘੁਬੀਰ ਸਿੰਘ ਬਾਜਵਾ, ਕੁਲਵੰਤ ਸਿੰਘ ਧੰਜੂ ਅਤੇ ਬਲਵਿੰਦਰ ਸਿੰਘ ਆਦਿ ਨੇ ਕਵੀ ਦਰਬਾਰ ਵਿਚ ਹਾਜ਼ਰੀ ਭਰੀ। ਰਾਤ ਨੂੰ ਹੋਏ ਨਾਟਕ ਮੇਲੇ ਵਿਚ ਮੇਘ ਰਾਜ ਰੱਲਾ ਪ੍ਰਸਿੱਧ ਰੰਗ ਕਰਮੀ ਨੇ "ਸਾੜਸਤੀ" ਅਤੇ "ਇਹ ਲਹੂ ਕਿਸਦਾ ਹੈ" ਨਾਟਕ ਅਤੇ ਕੰਨਿਆ ਭਰੂਣ ਹੱਤਿਆ ਤੇ ਕੋਰੀਉਗ੍ਰਾਫੀਆਂ ਪੇਸ਼ ਕੀਤੀਆਂ। ਇਸ ਮੌਕੇ ਮਾਸਟਰ ਸੰਪੂਰਨ ਸਿੰਘ ਰਾਣੀਆਂ, ਬਲੀ ਸਿੰਘ ਗੋਰਾਇਆ, ਰਤਨ ਸਿੰਘ ਰੰਧਾਵਾ, ਸਰਬਜੀਤ ਸਿੱਧੂ, ਗੁਰਮੀਤ ਐਮ. ਸੀ., ਮੋਹਨ ਟਪਿਆਲਾ, ਹਰਜਿੰਦਰ ਭੰਗੂ ਆਦਿ ਹਾਜ਼ਰ ਸਨ।

## ਵਿਕ ਗਈ ਦੀਵਾਨ ਟੋਡਰ ਮੱਲ ਦੀ 'ਜਹਾਜ਼ ਹਵੇਲੀ'

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਉਪਰੰਤ ਉਨ੍ਹਾਂ ਦੇ ਸਸਕਾਰ ਲਈ ਮੁਗ਼ਲ ਹਕੂਮਤ ਤੋਂ ਸੋਨੇ ਦੀਆਂ ਅਸ਼ਰਫ਼ੀਆਂ ਖੜ੍ਹੀਆਂ ਕਰਕੇ ਮਹਿੰਗੇ ਭਾਅ ਜਗ੍ਹਾ ਖ਼ਰੀਦਣ ਵਾਲੀ ਮਹਾਨ ਸਖ਼ਸ਼ੀਅਤ ਦੀਵਾਨ ਟੋਡਰ ਮੱਲ ਦੀ ਸਰਹਿੰਦ ਵਿਖੇ ਸਥਿਤ 'ਜਹਾਜ਼ ਹਵੇਲੀ' ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਅਤੇ ਮਾਲ ਮਹਿਕਮੇ ਦੀ ਕਥਿਤ ਮਿਲੀਭੁਗਤ ਨਾਲ ੧੭ ਲੱਖ ਰੁਪਏ ਵਿਚ ਵਿਕ ਚੁੱਕੀ ਹੈ। ਅੱਜ ਦੀ ਘੜੀ ਇਹ ਸਿੱਖ ਵਿਰਾਸਤੀ ਹਵੇਲੀ ਖੰਡਰ ਵਿਚ ਤਬਦੀਲ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਇਕ ਪਾਸੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਸਰਕਾਰ ਤੋਂ ਉੱਥੇ ਸਥਿਤ ਸਿੱਖ ਵਿਰਾਸਤ ਅਤੇ ਗੁਰਧਾਮਾਂ ਦੀ ਸਾਂਭ ਸੰਭਾਲ ਉਨ੍ਹਾਂ ਨੂੰ ਸੌਂਪਣ ਦੀ ਮੰਗ ਕੀਤੀ ਹੈ, ਪ੍ਰੰਤੂ ਦੂਜੇ ਪਾਸੇ ਸਿੱਖ ਕੌਮ ਪ੍ਰਤੀ ਕੁਰਬਾਨੀ ਕਰਨ ਵਾਲੀ ਮਹਾਨ ਸਖ਼ਸ਼ੀਅਤ ਦੀਵਾਨ ਟੋਡਰ ਮੱਲ ਦੀ ਸਰਹਿੰਦ ਸਥਿਤ 'ਜਹਾਜ਼ ਹਵੇਲੀ' ਉਨ੍ਹਾਂ ਦੀ ਹੀ ਕਥਿਤ ਨਲਾਇਕੀ ਕਾਰਨ ਰੁਲ ਰਹੀ ਹੈ।

ਤੱਥਾਂ ਸਮੇਤ ਇਕੱਤਰ ਕੀਤੀ ਜਾਣਕਾਰੀ ਮੁਤਾਬਕ ਇਸ ਸਿੱਖ ਵਿਰਾਸਤੀ 'ਜਹਾਜ਼ ਹਵੇਲੀ' ਨੂੰ ੧੭ ਸਤੰਬਰ ੨੦੦੩ ਵਿਚ ਖ਼ਸਰਾ ਨੰਬਰ ੪੬ ਵਿਚ ਦਰਜ ਰਕਬਾ ੨ ਕਨਾਲ ੧੭ ਮਰਲੇ ਜ਼ਮੀਨ ੧੭ ਲੱਖ ੧੦ ਹਜ਼ਾਰ ਰੁਪਏ ਵਿਚ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਮਕਾਨ ਨੰਬਰ ੧੦੫੭ ਸੈਕਟਰ ੭੧ ਮੋਹਾਲੀ ਰਾਹੀਂ ਬਲਰਾਜ ਸਿੰਘ, ਸ਼ਿਵਰਾਜ ਸਿੰਘ ਪੁੱਤਰਾਨ ਅਜੀਤਇੰਦਰ ਸਿੰਘ ਵਾਸੀ ਹਰਨਾਮ ਨਗਰ ਤਹਿਸੀਲ ਤੇ ਜ਼ਿਲਾ ਫਤਿਹਗੜ੍ਹ ਸਾਹਿਬ ਨੇ ਸੁਖਦੇਵ ਸਿੰਘ ਰਾਏ ਪੁੱਤਰ ਜੀ. ਐਸ. ਰਾਏ. ਵਾਸੀ ਮਕਾਨ ਨੰਬਰ ੧੫੧੫ ਸੈਕਟਰ 11 ਡੀ ਚੰਡੀਗੜ੍ਹ ਨੂੰ ਵੇਚ ਦਿੱਤੀ ਹੈ ਅਤੇ ਮੌਜੂਦਾ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਉਪਰੋਕਤ ਟਰੱਸਟ ਇਸ ਦਾ ਮਾਲਕ ਬਣ ਚੁੱਕਾ ਹੈ। ਦੀਵਾਨ ਟੋਡਰ ਮੱਲ ਦੀ ਇਹ ਜਾਇਦਾਦ ਉਪਰੋਕਤ ਵੇਚਣ ਵਾਲੇ ਵਿਅਕਤੀਆਂ ਦੇ ਨਾਂ ਮਾਲ ਮਹਿਕਮੇ ਦੇ ਰਿਕਾਰਡ ਵਿਚ ਕਿਸ ਤਰ੍ਹਾਂ ਦਰਜ ਹੋਏ? ਇਹ ਇਕ ਬੁਝਾਰਤ ਬਣੀ ਹੋਈ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸਿੱਖ ਵਿਰਾਸਤੀ ਹਵੇਲੀ ਨੂੰ ਵੇਚਣ ਵਾਲੇ ਵਿਅਕਤੀ ਕਾਫ਼ੀ ਸਮੇਂ ਤੋਂ ਦਿੱਲੀ ਵਿਖੇ ਰਹਿ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ੩੦੦ ਸਾਲ ਬੀਤ ਜਾਣ 'ਤੇ ਇਸ ਵਿਕ ਚੁੱਕੀ ਹਵੇਲੀ ਦੀ ਹੁਣ ਯਾਦ ਆਈ ਹੈ ਅਤੇ ਉਹ ਹੁਣ ਇਸ ਇਤਿਹਾਸਕ ਹਵੇਲੀ ਨੂੰ ਆਪਣੇ ਹੱਥੋਂ ਜਾਂਦੀ ਦੇਖ ਕੇ ਮਗਰਮੱਛ ਦੇ ਹੰਝੂ ਵਹਾ ਰਹੀ ਹੈ ਅਤੇ ਇਸ ਹਵੇਲੀ ਨੂੰ ਹਾਸਲ ਕਰਨ ਲਈ ਹਰ ਸੰਭਵ ਵਸੀਲਾ ਕਰਨ ਲਈ ਯਤਨਸ਼ੀਲ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਵਿਰਾਸਤੀ ਹਵੇਲੀ ਦੀ ਪੈਰਵਾਈ ਕਰਦਿਆਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਇਕ ਲਿਖਤੀ ਦਰਖਾਸਤ ਦੇ ਕੇ ਮੰਗ ਕੀਤੀ ਹੈ ਕਿ ਇਹ ਵਿਕ ਚੁੱਕੀ ਵਿਰਾਸਤੀ ਹਵੇਲੀ ਦੀ ਜਾਂਚ ਪੜਤਾਲ ਕੀਤੀ ਜਾਵੇ। ਇਕ ਪਹਿਲੂ ਇਹ ਵੀ ਹੈ ਕਿ ਮਾਲ ਵਿਭਾਗ ਨੇ ਇਸ ਇਤਿਹਾਸਕ ਹਵੇਲੀ ਦੀ ਰਜਿਸਟਰੀ ਕਰਨ ਸਮੇਂ ਉਪਰੋਕਤ ਟਰੱਸਟ ਨੂੰ ਸਟੈਂਪ ਡਿਊਟੀ ਵੀ ਮੁਆਫ਼ ਕਰ ਦਿੱਤੀ।

ਇਸ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਦਾ ਇਸ ਹਵੇਲੀ ਨੂੰ ਖ਼ਰੀਦਣ ਦਾ ਕੀ ਮੰਨਸ਼ਾ ਸੀ, ਇਹ ਵੀ ਇਕ ਭੇਦ ਬਣਿਆ ਹੋਇਆ ਹੈ ਕਿਉਂਕਿ ਲਗਭਗ ੫ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਉਸ (ਟਰੱਸਟ) ਨੇ ਇਸ ਹਵੇਲੀ ਦਾ ਨਾ ਤਾਂ ਕਥਿਤ ਕਬਜ਼ਾ ਹੀ ਲਿਆ ਅਤੇ ਨਾ ਹੀ ਇਸ ਹਵੇਲੀ ਦਾ ਸਾਂਭ ਸੰਭਾਲ ਕੀਤੀ। ਜਦੋਂ ਇਸ ਖੰਡਰ ਬਣ ਚੁੱਕੀ ਸਿੱਖ ਵਿਰਾਸਤੀ ਹਵੇਲੀ ਦੀ ਮੌਕੇ 'ਤੇ ਜਾ ਕੇ ਹਾਲਤ ਦੇਖੀ ਗਈ ਤਾਂ ਇਸ ਹਵੇਲੀ ਦੀਆਂ ਇੱਟਾਂ ਬੇਗੌਰੀ ਕਾਰਨ ਡਿਗੀਆਂ, ਇਸ ਵਿਚ ਗੰਦਗੀ ਦੇ ਢੇਰ ਲੱਗੇ ਹੋਏ ਹਨ ਅਤੇ ਇਸ ਵਿਚ ਉਲੂ ਬੋਲਦੇ



Namdhari Elibrary NamdhariElibrary@gmail.com

ਹਨ। ਇਸ ਹਵੇਲੀ ਦੇ ਇਰਦ-ਗਿਰਦ ਰਹਿਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇੱਥੇ ਅਕਸਰ ਦੇਸ਼-ਵਿਦੇਸ਼ ਵਿਚੋਂ ਸੈਲਾਨੀ ਆਉਂਦੇ ਰਹਿੰਦੇ ਹਨ ਅਤੇ ਇਸ ਦਾ ਇਤਿਹਾਸ ਸੁਣ ਕੇ ਅਤੇ ਖੰਡਰ ਹੋਈ ਇਸ ਹਵੇਲੀ ਦੀ ਤਰਸਯੋਗ ਹਾਲਤ ਦੇਖ ਕੇ ਸ਼੍ਰੋਮਣੀ ਕਮੇਟੀ ਨੂੰ ਕੋਸਦੇ ਹੋਏ ਚਲੇ ਜਾਂਦੇ ਹਨ। ਇੱਥੇ ਰੋਚਕ ਗੱਲ ਇਹ ਵੀ ਹੈ ਕਿ ਜ਼ਿਲੇ ਦੀ ਵੈੱਬਸਾਈਟ 'ਤੇ ਦਰਜ ਧਾਰਮਿਕ ਅਤੇ ਵਿਰਾਸਤੀ ਸਥਾਨਾਂ ਵਿਚ ਇਸ 'ਜਹਾਜ਼ ਹਵੇਲੀ' ਦਾ ਜ਼ਿਕਰ ਹੈ ਅਤੇ ਇਸ ਵੈੱਬਸਾਈਟ ਵਿਚ ਵੀ ਖੰਡਰ ਹੋਈ ਹਵੇਲੀ ਦੀ ਤਸਵੀਰ ਲੱਗੀ ਹੋਈ ਹੈ।

ਇੱਥੇ ਦੱਸਣਯੋਗ ਹੈ ਕਿ ਵੈੱਬਸਾਈਟ 'ਤੇ ਅਜਿਹੀ ਜਾਣਕਾਰੀ ਉਪਲਬਧ ਹੋਣ ਦੇ ਬਾਵਜੂਦ ਵੀ ਦੇਸ਼-ਵਿਦੇਸ਼ ਵਿਚ ਵਸਦੇ ਕਿਸੇ ਧਨਾਢ ਸਿੱਖ ਨੇ ਇਸ ਢਹਿ-ਢੇਰੀ ਹੋ ਚੁੱਕੀ ਇਤਿਹਾਸਕ ਸਿੱਖ ਵਿਰਾਸਤ ਨੂੰ ਬਚਾਉਣ ਲਈ ਆਵਾਜ਼ ਨਹੀਂ ਉਠਾਈ। ਜਦੋਂ ਇਸ ਸਬੰਧੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਨਾਲ ਫ਼ੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਪੜਤਾਲ ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਐਮ. ਆਰ ਅਗਰਵਾਲ ਨੂੰ ਸੌਂਪੀ ਗਈ ਹੈ।

'ਦੇਸ਼ ਸੇਵਕ' ੧੫ ਅਪਰੈਲ ੨੦੦੮

## ਪੱਤਰਕਾਰੀ ਮਿਸ਼ਨ ਸਮਝ ਕੇ ਕੀਤਾ ਜਾਵੇ-ਸਰਹੱਦੀ

ਕਾਲਾ ਸੰਘਿਆਂ-- ਦੋਨਾਂ ਪੱਤਰਕਾਰ ਮੰਚ ਦੇ ੧੩ਵੇਂ ਸਥਾਪਨਾ ਦਿਵਸ ਮੌਕੇ ਹੋਏ ਸਮਾਗਮ ਦੌਰਾਨ ਪੱਤਰਕਾਰ ਜਗਦੀਸ਼ ਸਿੰਘ ਵਰਿਆਮ, ਗੀਤਕਾਰ ਮੰਗਲ ਹਠੂਰ, ਕੈਨੇਡਾ ਦੇ ਵੀਜ਼ਨ ਚੈਨਲ ਦੇ ਪੰਜਾਬੀ ਧੜਕਣ ਪ੍ਰੋਗਰਾਮ ਦੇ ਨਿਰਮਾਤਾ ਗੁਰਸ਼ਰਨ ਮਾਨ ਦਾ ਸਨਮਾਨ ਕੀਤਾ ਗਿਆ ਅਤੇ ਅਦਾਰਾ ਲੋਕ ਰੰਗ ਵੱਲੋਂ ਤਿਆਰ ਕੀਤੀ ਪੁਰਾਤਨ ਢਾਡੀਆਂ ਅਤੇ ਕਵੀਸ਼ਰਾਂ ਦੀ ਵੈਬਸਾਈਟ ਦਾ ਪ੍ਰਸਿੱਧ ਗੋਲਡ ਮੈਡਲਿਸਟ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਵੱਲੋਂ ਲੈਪਟਾਪ 'ਤੇ ਬਟਨ ਦਬਾ ਕੇ ਉਦਘਾਟਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੇ ਵੀਕਲੀ ਸ਼ਿਮਰਨ ਦੇ ਮੁੱਖ ਸੰਪਾਦਕ ਬੇਅੰਤ ਸਿੰਘ ਸਰਹੱਦੀ ਨੇ ਕਿਹਾ ਕਿ ਪੱਤਰਕਾਰੀ ਵਪਾਰ ਨਾ ਸਮਝ ਕਿ ਮਿਸ਼ਨ ਦੇ ਤੌਰ 'ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਜਗਦੀਸ਼ ਸਿੰਘ ਵਰਿਆਮ ਨੇ ਕਿਹਾ ਕਿ ਪੰਜਾਬੀ ਬੋਲੀ ਨੂੰ ਕੈਨੇਡਾ ਵਿੱਚ ਚੌਥਾ ਦਰਜਾ ਦਿੱਤਾ ਗਿਆ ਹੈ। ਨੱਥਾ ਸਿੰਘ ਗਾਖਲ ਨੇ ਮੰਚ ਦੇ ਸਥਾਪਨਾ ਦਿਵਸ 'ਤੇ ਕਵਿਤਾ ਪੜ੍ਹੀ। ਗੋਲਡਨ ਜਿਮ ਮਾਡਲ ਟਾਊਨ ਜਲੰਧਰ ਦੇ ਐਮ. ਡੀ. ਅਮੋਲਕ ਸਿੰਘ ਗਾਖਲ ਨੇ ਪੁਰਾਤਨ ਢਾਡੀਆਂ, ਕਵੀਸ਼ਰਾਂ ਦੇ ਖਜ਼ਾਨੇ ਨੂੰ ਆਨ ਲਾਈਨ ਇੰਟਰਨੈੱਟ ਰਾਹੀਂ ਲੋਕਾਂ ਤੱਕ ਢਾਡੀ ਕਵੀਸ਼ਰ ਡਾਟ ਕਾਮ ਰਾਹੀਂ ਪਹੁੰਚਾਉਣ ਦੇ ਉੱਦਮ ਦੀ ਸ਼ਲਾਘਾ ਕੀਤੀ। ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਨੇ ਕਈ ਵੰਨਗੀਆਂ ਪੇਸ਼ ਕੀਤੀਆਂ। ਮਾਸਟਰ ਹਰਚਰਨ ਸਿੰਘ ਸੋਹਲ ਪ੍ਰਧਾਨ ਲੋਕਲ ਗੁਰਦੁਆਰਾਂ ਪ੍ਰਬੰਧਕ ਕਮੇਟੀ ਸੰਧੂ ਚੱਠਾ, ਰੇਸ਼ਮ ਸਿੰਘ ਰਾਮਪੁਰੀ ਅਤੇ ਗੁਰਸ਼ਰਨ ਮਾਨ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ ਨੇ ਸਟੇਜ ਦੀ ਸੇਵਾ ਨਿਭਾਈ। ਗਾਇਕ ਨਰਿੰਦਰ ਫੁੱਲ ਵੱਲੋਂ ਗੀਤ ਪੇਸ਼ ਕੀਤਾ ਗਿਆ। ਪ੍ਰੋਗਰਾਮ ਦਾ ਉਦਘਾਟਨ ਗੁਰਪ੍ਰੀਤ ਸਿੰਘ ਅਟਵਾਲ ਯੂ.ਕੇ. ਵੱਲੋਂ ਕੀਤਾ ਗਿਆ ਜਦ ਮੁੱਖ ਮਹਿਮਾਨ ਵਜੋਂ ਸਰਪੰਚ ਬਲਵਿੰਦਰ ਸਿੰਘ ਪੱਪੂ ਸ਼ਾਮਿਲ ਹੋਏ। ਇਸ ਮੌਕੇ 'ਤੇ ਹਾਜ਼ਰਾਂ ਵਿੱਚ ਨਿਸ਼ਕਾਮ ਸੇਵਾ ਟਰੱਸਟ ਮਾਧੋਪੁਰ ਦੇ ਪਿਆਰਾ ਸਿੰਘ ਖਾਲਸਾ, ਲੈਂਬਰ ਸਿੰਘ ਗੋਬਿੰਦਪੁਰੀ, ਮੰਗਲ ਸਿੰਘ ਅਠੌਲਾ, ਵੱਸਦਾ ਰਹੇ ਪੰਜਾਬ ਸਭਿਆਚਾਰਕ ਮੇਲੇ ਦੇ ਪ੍ਰਬੰਧਕ ਹਰਵਿੰਦਰ ਸਿੰਘ ਨਾਗਰਾ, ਹਰਜਿੰਦਰ ਸਿੰਘ ਜਹਾਂਗੀਰ, ਜੁਗਰਾਜ ਸਿੰਘ ਸਮਰਾ, ਕਰਨੈਲ ਸਿੰਘ ਅਨਮੋਲ, ਰੂਪ ਲਾਲ, ਸਪੋਰਟਸ ਕਲੱਬ ਸੰਧੂ ਚੱਠਾ ਦੇ ਜਨਰਲ ਸਕੱਤਰ ਬਲਵੀਰ ਸਿੰਘ ਸੰਧੂ ਵਿੱਤ ਸਕੱਤਰ ਨਰਿੰਦਰ ਸਿੰਘ ਸੰਧੂ, ਮਹਾਂ ਸਿੰਘ ਖਾਲਸਾ, ਗੀਤਕਾਰ ਜੱਗੀ ਕੁਹਾਲਾ, ਅਮਰਜੀਤ ਸੰਘਾ, ਅਨਿਲ ਜੋਸ਼ੀ, ਸਾਹਿਬਾਜ਼ ਖਾਲਸਾ ਦੇ ਪ੍ਰਧਾਨ ਡਾ. ਸੁਰਜੀਤ ਸਿੰਘ ਖੁਸਰੋਪੁਰ, ਤੀਰਥ ਸਿੰਘ ਬੜਿਆਲ, ਰਾਜੂ ਮਾਲੜੀ ਰੂਪ ਲਾਲ, ਜਸਵੀਰ ਨਾਗਰਾ, ਰਾਜੇਸ਼ ਕੁਮਾਰ ਵਡਾਲਾ, ਜਸਪਾਲ ਸਿੰਘ ਐਂਜਲਾ ਆਦਿ ਵੀ ਹਾਜ਼ਰ ਸਨ।

## ਲੰਡਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਦਿਵਸ

ਮਿਤੀ ੨੩ ਮਾਰਚ ੨੦੦੮ ਨੂੰ ਨਾਮਧਾਰੀ ਗੁਰਦੁਆਰਾ ਈਸਟ ਲੰਡਨ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਦਿਵਸ ਮਨਾਇਆ ਗਿਆ। ਸੰਤ ਜੋਗਾ ਸਿੰਘ ਜੀ ਨੇ ਬਹੁਤ ਹੀ ਗਿਆਨ ਭਰਪੂਰ ਵਿਦਵਤਾ ਸਹਿਤ ਸਾਖੀਆਂ ਸੁਣਾਈਆਂ ਅਤੇ ਸ੍ਰੀ ਸਤਿਗੁਰੂ ਜੀ ਦੇ ਪਵਿਤਰ ਜੀਵਨ ਉਪਰ ਝਾਤ ਪਾਈ ਉਹਨਾਂ ਤੋਂ ਉਪਰੰਤ ਸੁਰਜੀਤ ਸਿੰਘ ਜੀਤ ਨੇ ਆਪਣਾ ਲੇਖ ਪੜ੍ਹ ਕੇ ਸੁਣਾਇਆ। ੨੨ ਮਾਰਚ ਨੂੰ ਸੰਤ ਜੋਗਾ ਸਿੰਘ ਜੀ ਨੇ ਹੋਲੀ ਅਤੇ ਹੋਲੇ ਮਹਲੇ ਦਾ ਇਤਿਹਾਸ ਸੁਣਾਇਆ ਅਤੇ ਹਰਨਾਖਸ਼ ਤੋਂ ਲੈ ਕੇ ਹੋਲੀ ਤੋਂ ਹੋਲਾ ਮਹਲਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਤਿਹਾਸ ਸੁਣਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਲੇ ਮਹਲੇ ਦੀ ਪ੍ਰੰਪਰਾ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹਥਿਆਰਾਂ ਦੀ ਜੰਗ ਅਤੇ ਅਭਿਆਸ ਨੂੰ ੧੦੮ ਮਣਕਿਆਂ ਦੀ ਮਾਲਾ ਨਾਮ ਸ਼ਕਤੀ ਨਾਲ ਬੁਰਾਈਆਂ ਅਤੇ 'ਬੁਰੇ' ਉਪਰ ਕਾਬੂ ਪਾਉਣ ਦੀ ਪ੍ਰੰਪਰਾ ਤੋਰੀ। ਸੰਤ ਜੀ ਨੇ ਬਹੁਤ ਹੀ ਗੂੜ੍ਹ ਗਿਆਨ ਪ੍ਰੇਤੂ ਸਰਲ ਭਾਸ਼ਾ ਅਤੇ ਰੌਚਿਕ ਢੰਗ ਨਾਲ ਹੋਲੇ ਦੇ ਪ੍ਰਸੰਗ ਸੁਣਾਏ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com

# ਪ੍ਰਤੀਕਿਰਿਆ

ਮੈਂ ਆਪ ਜੀ ਨਾਲ ਆਪਣੀ ਸਿਆਣਪ ਨਹੀਂ ਘੋਟਣਾ ਚਾਹੁੰਦਾ ਕਿ ਸਾਹਿਤ ਦੀ ਕਿੰਨੀ ਉਮਰ ਹੈ ਪਰ ਸਾਹਿਤ ਹਰ ਵੇਲੇ ਛੋਟੇ ਤੋਂ ਛੋਟਾ ਲਾਡਲਾ ਬਚਪਣ ਕਿਉਂ ਲਗਦਾ ਹੈ।...

ਅੱਜ ਯਕਮ ਅਪਰੈਲ ੨੦੦੯ ਨੂੰ ਦਸੰਬਰ ੨੦੦੭ ਦਾ ਪਰਚਾ ਆਪੇ ਹੀ ਪੱਲੜੀ ਜਿਹੀ ਜੱਫੀ ਪਾ ਕੇ ਮੇਰੀਆਂ ਬੁਢੀਆਂ ਅੱਖਾਂ ਅੱਗੇ ਖੇਡਣ ਲਗ ਪਿਆ ਅਤੇ ਜਸਵਿੰਦਰ ਮਹਿਰਮ ਦਾ ਇਕੋ ਇਕ ਸ਼ੇਅਰ ਇਸ਼ਕ ਦੀ ਦੁਨੀਆ ਵਿਚ ਲੈ ਗਿਆ। ਸ਼ੇਅਰ ਹੈ।

ਮਜਬੂਰੀ ਵੱਸ ਜੁੜਿਆ ਲੱਗਦੇ ਇਸ ਜੋੜੇ ਦਾ ਜੋੜ
'ਲੂਣਾ' ਸਿਖਰ ਦੁਪਹਿਰ ਜਿਹੀ ਹੈ ਢਲਦਾ ਦਿਨ 'ਸਲਵਾਨ'

ਕਿੰਨੀ ਕਲਮ ਚੁੰਮਣ ਵਾਲੀ ਹੈ। ਮੈਂ ਦੋ ਵਾਰੀ ਚੁੰਮਿਆ। ਨੰਬਰ.੨ ਸਦਾ ਅੰਬਾਲਵੀ ਦਾ ਜਵਾਬ ਨਹੀਂ, "ਜਿੰਨਾ ਉੱਚਾ ਹੋ ਜਾਸੇਂ, ਉਨਾ ਕੱਲਾ ਹੋ ਜਾਸੇਂ, ਥੱਲੇ ਰੱਜ ਕੇ ਸੌਖਾ ਹੈਂ, ਉਤੇ ਔਖਾ ਹੋ ਜਾਸੇਂ" ਪਰ ਵਰਿਆਮ ਜੀ ਕੁਲੇਵਤ ਜਗਰਾਓਂ ਨੇ ਦਿਲ ਝੰਜੋੜ ਕੇ ਰੱਖ ਦਿੱਤਾ। ਜਗਰਾਓਂ ਨੇ ਛੋਟੀ ਜਿਹੀ ਕਵਿਤਾ ਵਿਚ ਮੁੱਹਬਤ ਦੇ ਪਰਾਗਿਆ ਦੇ ਪਰਾਗੇ ਕੱਢ ਮਾਰੇ, ਜਿਨ੍ਹਾਂ ਦੇ ਵਿਸਥਾਰ ਲਈ ਵਰਕੇ ਚਾਹੀਦੇ ਨੇ। ਧੀ ਬਾਪ ਨੂੰ ਕਹਿ ਰਹੀ ਏ, "ਭਾਪਾ ਤੁਹਾਡੀ ਅੱਖ ਖਰਾਬ ਹੈ, ਤੁਸੀਂ ਇਕ ਅੱਖ ਮੇਰੀ ਲੈ ਜਾਓ। ਇਕ ਨਾਲ ਮੈਂ ਵੇਖਾਂਗੀ ਇਕ ਨਾਲ ਤੁਸੀਂ .....। ਵਰਿਆਮ ਜੀ ਹੁਣ ਮੈਂ ਜਿਸਦਾ ਜ਼ਿਕਰ-ਇ-ਖੈਰ ਕਰ ਰਿਹਾ ਵਾਂ ਉਹ ਹੈ ਹਰਬੰਸ ਬਾਠ। ਸਦਕੇ ਜਾਂ ਉਸ ਮਾਂ ਦੇ ਜੀਹਦੇ ਦੁੱਧ ਨੇ ਏਨੀ ਉੱਚੀ ਬੁੱਧ ਅਪਣੇ ਬੇਟੇ ਨੂੰ ਬਖਸ਼ੀ ਹੈ।

ਬਾਠ ਦੀਆਂ ਦੋ ਰਬਾਈਆਂ ਪੇਸ਼ ਖਿਦਮਤ ਹਨ

— ਕਦੀ ਮਾਂ ਹੁੰਦੀ ਸੀ ਮਾਂ ਬੇਲੀਓ।
ਹੁਣ ਗਊ ਸ਼ਾਲਾ ਦੀ ਗਾਂ ਬੇਲੀਓ।
ਪੁੱਤਰਾਂ ਦੇ ਘਰ ਨਹੀਂ ਨਾ ਮਾਂ ਦੀ
ਇਕ ਮੰਜੀ ਜੋਗੀ ਥਾਂ ਬੇਲੀਓ

— ਕੋਈ ਪੈਸੇ ਵੱਲੋਂ ਗਰੀਬ ਹੁੰਦਾ ਏ
ਕਿਸੇ ਦਾ ਉਂਜ ਮਾੜਾ ਨਸੀਬ ਹੁੰਦਾ ਏ
ਜੋ ਸ਼ਖਸ ਰਹੇ ਖੁਸ਼ ਰੱਬ ਦੀ ਰਜ਼ਾ ਵਿਚ
ਬੰਦਾ ਓਹ ਰੱਬ ਦੇ ਕਰੀਬ ਹੁੰਦਾ ਏ।

ਵਰਿਆਮ ਜੀ ਹਸਨਪੁਰੀ ਦਾ ਤੇ ਕੋਈ ਜਵਾਬ ਈ ਨਹੀਂ।

ਮੈਂ ਇਹਨਾਂ ਸਮਹੂ ਕਵੀਆਂ ਨੂੰ ਪ੍ਰਣਾਮ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਮੇਰਾ ਪ੍ਰਨਾਮ ਇਹਨਾਂ ਸ਼ਾਇਰ ਦੋਸਤਾਂ ਨੂੰ ਜ਼ਰੂਰੀ ਭੇਜੋਗੇ। ਸਤਿਗੁਰ ਸੱਚਾ ਪਾਤਸ਼ਾਹ, ਸਤਿਗੁਰੂ ਜਗਜੀਤ ਸਿੰਘ ਜੀ ਆਪ ਜੀ ਨੂੰ ਉਦਮ ਅਤੇ ਅਦਬ ਬਖਸ਼ਦੇ ਰਹਿਣ। ਆਪ ਜੀ ਅਦਬ ਦੀ ਸੇਵਾ ਕਰਦੇ ਰਹੋ :

ਸੰਤੋਖ ਸਿੰਘ ਸਫਰੀ
ਪ੍ਰਧਾਨ ਪੰਜਾਬੀ ਕਵੀ ਸਭਾ ਰਜਿ.
ਜਲੰਧਰ
੨-੪-੨੦੦੯

ਪੰਜਾਬ ਵਿਧਾਨ ਸਭਾ ਬਾਰੇ ਅਤੇ ਮਾਂ ਬੋਲੀ ਪੰਜਾਬੀ ਦੇ ਨਾਲ ਜੋ ਬੀਤੀ, ਜਿਨ੍ਹਾਂ ਨਾਲ ਬੀਤੀ ਓਹਨਾਂ ਦੇ ਜਤਨਾਂ ਦਾ ਵਿਸਥਾਰ ਜੋ ਅਪਰੈਲ ਅੰਕ ਦੇ ਮੁੱਖ ਪੰਨੇ ਤੇ ਕੀਤਾ ਹੈ ਉਸ ਦਾ ਕੋਈ ਜਵਾਬ ਨਹੀਂ । ਆਪ ਜੀ ਨੇ ਮੂੰਹੋਂ ਬੋਲਦਾ ਜੋ ਨਕਸ਼ਾ ਪੇਸ਼ ਕੀਤਾ ਹੈ ਉਹ ਹਰ ਇਨਸਾਨ ਨੂੰ ਸੁਚੇਤ ਕਰੇਗਾ। ਮੈਂ ਇਸ ਬਾਰੇ ਕੁਝ ਕਹਿ ਤੇ ਨਹੀਂ ਸਕਦਾ ਆਪ ਜੀ ਦੀ ਸੁਚੇਤ ਸੋਚ ਨੂੰ ਪ੍ਰਨਾਮ ਕਰਦਾ ਹਾਂ।

*—ਸੰਤੋਖ ਸਿੰਘ ਸਫਰੀ ਜਲੰਧਰ*
*੩-੪-੨੦੦੯*

### ਗ਼ੈਰ ਸਿੱਖਾਂ ਵਿਚ ਗੁਰਬਾਣੀ ਦਾ ਪਰਚਾਰ

ਅਪਰੈਲ ੨੦੦੯ ਦੇ ਵਰਿਆਮ ਵਿਚ ਸ. ਤਰਲੋਚਨ ਸਿੰਘ ਐਮ. ਪੀ. ਸਾਹਿਬ, ਵੱਲੋਂ ਉਪਰੋਕਤ ਵਿਸ਼ੇ ਤੇ ਉਨ੍ਹਾਂ ਦੇ ਸੁਲਝੇ ਵਿਚਾਰ ਪੜ੍ਹਨ ਦਾ ਮੌਕਾ ਮਿਲਿਆ। ਉਨ੍ਹਾਂ ਦਾ ਕਥਨ ਕਿਸੇ ਹੱਦ ਤੱਕ ਸਹੀ ਹੈ। ਪਰ ਇਸ ਨਾਲ ਪੂਰੀ ਤਰਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। ਕੇਵਲ ਪਰਚਾਰ ਕਾਫ਼ੀ ਨਹੀਂ ਪਰਚਾਰ ਦੇ ਨਾਲ ਨਾਲ ਕਿਰਦਾਰ ਉਸਾਰੀ ਵੀ ਨਿਹਾਇਤ ਜ਼ਰੂਰੀ ਹੈ। ਨਿਬੇੜੇ ਅਮਲਾਂ ਨਾਲ ਹੁੰਦੇ ਹਨ। ਕਹਿਣੀ ਤੇ ਕਰਨੀ ਦੇ ਸੁਮੇਲ ਨਾਲ ਅਸਲ ਪ੍ਰਾਪਤੀ ਸੰਭਵ ਹੈ। ਉਂਵ ਨਹੀਂ।

*ਨਵਰਾਹੀ ਘੁਗਿਆਣਵੀ*
*ਪ੍ਰਧਾਨ ਪੰਜਾਬੀ ਸਾਹਿਬ ਸਭਾ,*
*ਫ਼ਰੀਦਕੋਟ ੧੫੧੨੦੩*
*੨.੪.੦੯*

...ਅੱਜ ਤਕ ਮੇਰੇ ਪਾਸ ਸਾਰੇ ਹੀ ਪਿਛਲੇ ਪਰਚੇ ਪੁੱਜ ਗਏ ਹਨ। ਪਿਛਲੀ ਵਾਰੀ ਨਾ ਪੁੱਜਣ ਨੂੰ ਲਿਖਣਾ-ਇਸ ਵਿਚ ਸਾਡੀ ਵੀ ਕੁਝ ਅਨਗਹਿਲੀ ਸੀ। ਬਕਸੇ ਨੂੰ ਕਲੀਅਰ ਕਰਨਾ ਵੀ ਭੁੱਲਿਆ ਰਿਹਾ ਸੀ, ਜਿਸਦੇ ਸਿੱਟੇ ਵਜੋਂ ਦੋ ਵਰਿਆਮ ਇਕੱਠੇ ਹੋ ਗਏ।

ਦੋਵਾਂ ਵਿਚ ਵਿਰਕ ਜੀਆਂ ਦੇ ਲੇਖ ਅਤੀ ਪ੍ਰਭਾਵਿਕ ਹਨ। ਫਰਵਰੀ ਵਾਲਾ ਵਿਸ਼ਾ ਤੇ ਹਰ ਬਸੰਤ ਅੰਕ ਵਿਚ ਮੁੱਢ ਇਕ ਲੈ ਆਉਂਦਾ ਹੈ ਪਰ ਵਿਰਕ ਜਿਹਾ ਲੇਖਕ ਇਸਨੂੰ ਨਵਾਂ ਰੂਪ ਦੇ ਕੇ ਸਮੇਂ ਅਨੁਸਾਰ ਹੋਰ ਪ੍ਰਭਾਵਿਕ ਕਰ ਦੇਂਦਾ ਹੈ।



Namdhari Elibrary NamdhariElibrary@gmail.com

ਕਰਾਂਤੀਕਾਰੀ ਮਨੁੱਖ ਦੀ ਕਲਮ ਦਾ ਸੁਆਦ ਵੀ ਤੇ ਸੰਤਾਂ ਤੋਂ ਵੱਖਰਾ ਹੁੰਦਾ ਹੈ, ਜਿਸ ਨੂੰ ਸਮਾਂ ਰੱਜ ਕੇ ਮਾਣ ਸਕਦਾ ਹੈ।

ਹਾਂ, ਮੇਰੇ ਹਾਈਲਾਈਟਿਡ ਕੀਤੀਆਂ ਸਤਰਾਂ ਵਿਚ ਪ੍ਰੋ. ਹਮਦਰਦ ਵੀਰ ਨੌਸ਼ਹਿਰਵੀ ਮਾਰਚ ਸਫਾ ੭ ਵਿਚ ਦੱਸਦੇ ਹਨ— "ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਵਿਚ ਬੱਚੀਆਂ ਨੂੰ ਮਾਵਾਂ ਦੇ ਪੇਟ ਵਿਚ ਹੀ ਮਾਰ ਦੇਣ ਵਿਰੁੱਧ ਸਖਤੀ ਨਾਲ ਹਦਾਇਤ ਕੀਤੀ ਸੀ"- ਮੇਰੇ ਮਨ ਨੇ ਇਸ ਨੂੰ ਨਹੀਂ ਕਬੂਲਿਆ, ਸਗੋਂ ਮੁਖਾਲਫ਼ਤ ਵੀ ਕੀਤੀ। ਸਤਿਗੁਰੂ ਰਾਮ ਸਿੰਘ ਸਮੇਂ ਭਰੂਣ-ਹੱਤਿਆ ਨਹੀਂ ਸੀ, ਇਹ ਕੰਮ ਦਾਈਆਂ ਜਾਂ ਘਰ ਵਿਚ ਕੁਚੱਜੀਆਂ ਬੁਢੀਆਂ ਕਰਦੀਆਂ ਹੋਣਗੀਆਂ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਵਿਚ ਇਸਦਾ ਵਰਨਣ ਕਿਵੇਂ ਹੋ ਸਕਦਾ ਹੈ? ਇਨ੍ਹਾਂ ਮਹਾਂਪੁਰਖਾਂ ਨੂੰ ਕਲਮ ਦੀ ਨਾਜ਼ਕਤਾ ਦਾ ਪੂਰਾ ਗਿਆਨ ਹੋਣਾ ਚਾਹੀਦਾ। ਹੁਕਮਨਾਮਿਆਂ ਵਿਚ ਇਕ ਗਲਤੀ ਸਾਰਿਆਂ ਨੂੰ ਸ਼ੱਕੀ ਬਣਾ ਦੇਂਦੀ ਹੈ। ਇਹ ਯੁੱਗ ਇਕੱਲੀ ਸ਼ਰਧਾ ਦਾ ਨਹੀਂ, ਵਿਗਿਆਨਕ ਸੋਚ ਹਰ ਪਿੜ ਵਿਚ ਕੰਮ ਕਰਦੀ ਹੈ।

'ਦਰਬਾਰ ਸਾਹਿਬ ਦਾ ਸੰਗਮਰਮਰ' ਲੇਖ ਬੜਾ ਵਿਗਿਆਨਕ ਤੇ ਪੂਰਨ ਖੋਜ-ਭਰਪੂਰ ਵੀ ਹੈ।

ਮਾਸਟਰ ਜੀਆਂ (ਮਾਸਟਰ ਅਮਰੀਕ ਸਿੰਘ) ਨੂੰ ਬਹੁਤ ਬਹੁਤ ਵਧਾਈ ਹੋਵੇ! ਇਸ ਸਨਮਾਨ ਲਈ।

ਸਾਰੇ ਲੇਖ, ਕਵਿਤਾਵਾਂ ਮੈਂ ਜ਼ਰੂਰ ਪੜ੍ਹਦਾ ਹਾਂ। ਇਕ ਦਿਨ ਤੇ ਬਸ ਪੂਰਾ ਵਰਿਆਮ ਲਈ ਹੁੰਦਾ ਹੈ।

ਹਾਂ, ਸੱਚ ਆਉਣ ਬਾਬਤ ਅਜੇ ਅਗਲੇ ਮਹੀਨੇ ਪਤਾ ਲੱਗੇਗਾ। ਨਾ ਆ ਸਕਿਆ ਤਾਂ ਡਰਾਫ਼ਟ ਭੇਜਾਂਗਾ ਵਰਿਆਮ ਲਈ ਤੇ ਸਤਿਜੁਗ ਲਈ ਭੀ, ਨਹੀਂ ਤੇ ਇਹ ਵਾਧੂ ਖਰਚ ਫ਼ਜ਼ੂਲ ਲੱਗਦਾ ਹੈ... ਡਰਾਫ਼ਟ ਬਣਾਉਣਾ।

ਇਧਰ ਹੁਣ ਠੰਢ ਸ਼ੁਰੂ ਹੋ ਰਹੀ ਹੈ, ਪਰ ਵਿਚੋਂ ਦੁਪਹਿਰ ਨੂੰ ਤਾਪਮਾਨ ੩੫ ਡਿਗਰੀ ਤਕ ਵੀ ਹੋ ਜਾਂਦਾ ਹੈ। ਇਹ ਇਸ ਮੁਲਕ ਦੇ ਰੰਗ ਹਨ।

ਸਭੇ ਲਿਖਾਰੀਆਂ—ਕਵੀਆਂ ਨੂੰ ਮਿਲਿਆਂ ਮੇਰੀ ਯਾਦ ਜ਼ਰੂਰ ਕਰਾਂਦੇ ਰਹਿਣਾ। ਆਸ ਹੈ ਤੁਸੀਂ ਗਰਮੀ ਵਿਚ ਪ੍ਰਵੇਸ਼ ਕਰਨ ਦੀ ਤਿਆਰੀ ਵਿਚ ਹੋਣਗੇ।

ਬਸ, ਹੁਣ ਅਗਲੇ ਖਤ ਤੱਕ

*—ਦਲਬੀਰ ਸਿੰਘ 'ਤਰਸ'*
*ਸਿਡਨੀ (ਅਸਟ੍ਰੇਲੀਆ)*

## ਵਰਿਆਮ ਨੂੰ ਸਹਾਇਤਾ

| | |
|---|---|
| — ਸੰਤ ਵਾਸਦੇਵ ਸਿੰਘ ਭਮਰਾ ਵੁਲਵਰਹੈਂਪਟਨ ਯੂ.ਕੇ. | ੨੩੯੦-੦੦ |
| — ਸ. ਸੁਰਜੀਤ ਸਿੰਘ ਜੀਤ ਲੰਡਨ ਯੂ.ਕੇ. | ੨੫੦੦-੦੦ |
| — ਪੰਥ ਰਤਨ ਸਵਰਗੀ ਮਾਸਟਰ ਨਿਹਾਲ ਸਿੰਘ ਦੀ ਯਾਦ ਵਿਚ ਸਮਾਗਮ ਸਮੇਂ ਸਪੁੱਤਰ ਸ. ਮਨਮੋਹਣ ਸਿੰਘ, ਚਿਰੰਜੀਵ ਸਿੰਘ ਜੀ ਦਿੱਲੀ ਵੱਲੋਂ। ਇਸ ਵਾਰ **ਮਾਸਟਰ ਜੀ ਦੀ ਯਾਦ ਵਿਚ ਪੁਰਸਕਾਰ ਪ੍ਰੋ. ਸੁਖਬੀਰ ਸਿੰਘ ਗੁਲਾਟੀ ਨੂੰ ਦਿੱਤਾ ਗਿਆ।** | ੫੦੦-੦੦ |
| — ਸ. ਮਹਿਮਾ ਸਿੰਘ ਤੂਰ ਹਲਵਾਰਾ ਵੱਲੋਂ ਵਰਿਆਮ ਪਿਆਰ ਵਿਚ | ੨੦੦-੦੦ |
| — ਡਾ. ਕਰਤਾਰ ਸਿੰਘ ਸੂਰੀ ਯਮਨਾ ਨਗਰ | ੫੦੦-੦੦ |

### ਸੰਪਾਦਕ ਵੱਲੋਂ

ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ ਤਾਂ ਸਦਾ ਵਾਂਗ ਬਿਜਲੀ ਬੰਦ ਹੈ। ਮੈਨੂੰ ਕਿਹਾ ਜਾ ਰਿਹਾ ਹੈ ਕਿ ਬਿਜਲੀ ਦੀ ਹੜਤਾਲ ਬਾਰੇ ਲਿਖੋ, ਪਰ ਕੀ ਸਾਡੇ ਲਿਖਣ ਦਾ ਕੋਈ ਅਸਰ ਹੋਵੇਗਾ ? ਇਹ ਸਭ ਨੂੰ ਪਤਾ ਹੈ। ਅਗੇ ਵੀ ਅਸਾਂ ਬਿਜਲੀ ਦੇ ਦੁਖੋਂ ਵਕਤ ਤੋਂ ਬਾਦ ਪਰਚਾ ਭੇਜਣ ਦੀ ਮਜਬੂਰੀ ਝੱਲੀ ਹੈ। ਮਜਬੂਰੀ ਹੋਰ ਵੀ ਹੈ। ਕਾਗਜ਼ ਦੀਆਂ ਕੀਮਤਾਂ ਹੋਰ ਵੱਧ ਗਈਆਂ ਹਨ ਸਾਨੂੰ ਚਾਦਰ ਅਨੁਸਾਰ ਪੈਰ ਪਸਾਰਣੇ ਪੈਣੇ ਹਨ। ਸਜਨ ਲੋਕ ਲੰਬੇ-ਲੰਬੇ ਲੇਖ ਸ਼ਰਧਾਂਜਲੀਆਂ ਵਜੋਂ ਵੀ ਭੇਜਦੇ ਹਨ ਅਤੇ ਕੁਝ ਦੋਸਤ ਆਪਣੀਆਂ ਲਿਖਤਾਂ ਇਕ ਤੋਂ ਵੱਧ ਥਾਵਾਂ ਤੇ ਵੀ ਛਪਵਾਉਂਦੇ ਹਨ। ਪਰਚਾ ਮਾਸਕ ਹੋਣ ਕਰਕੇ ਅਤੇ ਇਕ ਨਿਸਚਿਤ ਮਿਤੀ ਤੇ ਡਾਕ ਵਿਚ ਪੈਣ ਕਾਰਨ ਬਹੁਤ ਕੁਝ ਛਪਣੋਂ ਰਹਿ ਜਾਂਦਾ ਹੈ। ਬਹੁਤ ਕੁਝ ਬਹੁਤ ਜ਼ਰੂਰੀ ਵੀ ਸੋ ਲੇਖਕ ਅਤੇ ਪਾਠਕ ਸਾਡੀ ਮਜਬੂਰੀ ਵੱਲ ਧਿਆਨ ਦੇਣ ਅਤੇ ਲਿਖਤਾਂ ਨੂੰ ਵੇਲੇ ਸਿਰ ਭੇਜਿਆਂ ਕਰਨ। ਅੱਧ ਮਹੀਨੇ ਤੱਕ ਪੁਜੀਆਂ ਲਿਖਤਾਂ ਹੀ ਐਡਜਸਟ ਹੋ ਸਕਦੀਆਂ ਹਨ। ਅਨੇਕਾਂ ਮਜਬੂਰੀਆਂ ਵੱਲ ਧਿਆਨ ਦਿੱਤਾ ਜਾਵੇ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com.

# TOP TRAK

new generation bikes




## PARTAP ENGINEERS

**AN ISO 9001 COMPANY**

BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com





Namdhari Elibrary NamdhariElibrary@gmail.com

# OSTER®

REGD. TRADE MARK No. 491851

***SHIRTS***

**CARDIGANS • PULLOVERS**

# TITLIS
(U.K.)

**LUXURY SHAWLS • BLANKETS**

**BED SHEETS • BED LINEN**

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com




Namdhari Elibrary NamdhariElibrary@gmail.com

# ਸ. ਗੁਰਬਖ਼ਸ਼ ਸਿੰਘ ਬੰਨੋਆਣਾ :- ਯਾਦਾਂ ਦੇ ਦ੍ਰਿਸ਼



ਸਤਿਗੁਰੂ ਜਗਜੀਤ ਸਿੰਘ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ



ਜਗਦੀਸ਼ ਸਿੰਘ ਵਰਿਆਮ, ਵਰਿਆਮ ਸਿੰਘ ਸੰਧੂ ਨਾਲ



ਜੀਵਨ ਸਾਥ : ਬੰਨੋਆਣਾ ਜੀ- ਬੀਬੀ ਹਰਬੀਰ ਕੌਰ




ਪੰਜਾਬੀ ਲੇਖਕ ਸਭਾ ਜਲੰਧਰ ਦਾ ਡੀ.ਸੀ ਦਫਤਰ ਅੱਗੇ ਧਰਨਾ



ਪ੍ਰੀਤਮ ਸਿੰਘ ਕਵੀ ਜੀ ਨਾਲ







[illegible]

ਡਾ. ਰੋਸ਼ਨ ਲਾ[illegible]

NamdhariElibrary
NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75
May 2008

**Reliable Performance**




Consistence Performers, Suited to all market needs with high yield, quality & disease resistant.

NS

NAMDHARI SEEDS PVT. LTD.
Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com